# ਕੰਮ ਦੇ ਪ੍ਰਤੀ ਬਾਈਬਲ ਦਾ ਰਵੱਈਆ



ਆਸ਼ਿਸ਼ ਰਾਏਚੂਰ

**ਮੁਫ਼ਤ ਵੰਡਣ ਦੇ ਲਈ**
ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2024

**ਸੰਪਰਕ ਕਰਨ ਦੇ ਲਈ ਜਾਣਕਾਰੀ**
All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

**Phone**: +91-80-25452617
**Email: bookrequest@apcwo.org**
**Website: apcwo.org**

ਜਿੱਥੇ ਦੱਸਿਆ ਨਾ ਗਿਆ ਹੋਵੇ, ਬਾਈਬਲ ਦੇ ਸਭ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ (BSI) ਦੇ ਪੁਰਾਣੇ ਸੰਸਕਰਣ (OV) ਦੀ ਪੰਜਾਬੀ ਬਾਈਬਲ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਭ ਹੱਕ ਰਾਖਵੇਂ ਹਨ।

**ਵਿੱਤੀ ਸਾਂਝੇਦਾਰੀ**
ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

**ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ**
**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ-ਲਰਨਿੰਗ:** apcbiblecollege.org/elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org

(Punjabi—Biblical Attitude Towards Work)

# ਕੰਮ ਦੇ ਪ੍ਰਤੀ ਬਾਈਬਲ ਦਾ ਰਵੱਈਆ

# ਵਿਸ਼ਾ-ਸੂਚੀ

1. ਕੰਮ ਪਰਮੇਸ਼ੁਰ ਦੀ ਯੋਜਨਾ ਹੈ 1

2. ਕੰਮ ਦੇ ਪ੍ਰਤੀ ਗ਼ਲਤ ਰਵੱਈਏ 3

3. ਕੰਮ ਦੇ ਪ੍ਰਤੀ ਵਿਸ਼ਵਾਸੀ ਦਾ ਦ੍ਰਿਸ਼ਟੀਕੋਣ 6

4. ਵਿਸ਼ਵਾਸੀਆਂ ਨੂੰ ਕੰਮ ਕਰਨ ਦਾ ਹੁਕਮ ਦਿੱਤਾ ਗਿਆ ਹੈ 11

5. ਸੱਤ ਸਹੀ ਰਵੱਈਏ 19

6. ਤੁਹਾਡੇ ਕੰਮ ਦੇ ਸੰਬੰਧ ਵਿੱਚ ਵਾਇਦੇ 23

7. ਨਵੀਂ ਦੁਨੀਆਂ ਵਿੱਚ ਕੰਮ ਕਰੋ 26

# 1
# ਕੰਮ ਪਰਮੇਸ਼ੁਰ ਦੀ ਯੋਜਨਾ ਹੈ

**ਉਤਪਤ 1:31**
**ਉਪਰੰਤ ਪਰਮੇਸ਼ੁਰ ਨੇ ਸਰਬੱਤ ਨੂੰ ਜਿਹ ਨੂੰ ਉਸ ਨੇ ਬਣਾਇਆ ਸੀ ਡਿੱਠਾ ਅਤੇ ਵੇਖੋ ਉਹ ਬਹੁਤ ਹੀ ਚੰਗਾ ਸੀ। ਸੋ ਸੰਝ ਤੇ ਸਵੇਰ ਛੇਵਾਂ ਦਿਨ ਹੋਇਆ।**

**ਉਤਪਤ 2:1-3**
**1 ਸੋ ਅਕਾਸ਼ ਤੇ ਧਰਤੀ ਤੇ ਉਨ੍ਹਾਂ ਦੀ ਸਾਰੀ ਵੱਸੋਂ ਸੰਪੂਰਨ ਕੀਤੀ ਗਈ।**
**2 ਅਤੇ ਪਰਮੇਸ਼ੁਰ ਨੇ ਸੱਤਵੇਂ ਦਿਨ ਆਪਣੇ ਕਾਰਜ ਨੂੰ ਜਿਹੜਾ ਉਸ ਨੇ ਬਣਾਇਆ ਸੀ ਸੰਪੂਰਨ ਕੀਤਾ ਅਤੇ ਸੱਤਵੇਂ ਦਿਨ ਆਪਣੇ ਸਾਰੇ ਕਾਰਜ ਤੋਂ ਜਿਹੜਾ ਉਸ ਨੇ ਬਣਾਇਆ ਸੀ ਵੇਹਲਾ ਹੋ ਗਿਆ।**
**3 ਤਾਂ ਪਰਮੇਸ਼ੁਰ ਨੇ ਸੱਤਵੇਂ ਦਿਨ ਨੂੰ ਅਸੀਸ ਦਿੱਤੀ ਅਤੇ ਉਹ ਨੂੰ ਏਸ ਲਈ ਪਵਿੱਤਰ ਠਹਿਰਾਇਆ ਜੋ ਉਸੇ ਦਿਨ ਆਪਣੇ ਕਾਰਜ ਤੋਂ ਜਿਹੜਾ ਪਰਮੇਸ਼ੁਰ ਨੇ ਉਤਪਤ ਕਰਕੇ ਬਣਾਇਆ ਸੀ ਉਹ ਵੇਹਲਾ ਹੋ ਗਿਆ।**

ਇੱਥੇ ਅਸੀਂ ਪਰਮੇਸ਼ੁਰ ਨੂੰ ਕੰਮ ਕਰਦਿਆਂ ਦੇਖਦੇ ਹਾਂ। ਪਰਮੇਸ਼ੁਰ ਨੇ ਛੇ ਦਿਨ ਕੰਮ ਕੀਤਾ ਅਤੇ ਸੱਤਵੇਂ ਦਿਨ ਅਰਾਮ ਕੀਤਾ। ਪਰ ਜਿਸ ਤਰ੍ਹਾਂ ਅਸੀਂ ਥੱਕਣ ਤੋਂ ਬਾਅਦ ਅਰਾਮ ਕਰਦੇ ਹਾਂ, ਪਰਮੇਸ਼ੁਰ ਨੇ ਉਸ ਤਰ੍ਹਾਂ ਥੱਕਣ ਤੋਂ ਬਾਅਦ ਅਰਾਮ ਨਹੀਂ ਕੀਤਾ। ਉਸ ਨੇ ਜੋ ਕਰਨਾ ਸੀ, ਉਹ ਪੂਰਾ ਕਰ ਦਿੱਤਾ, ਅਰਥਾਤ ਸ੍ਰਿਸ਼ਟੀ ਦੀ ਰਚਨਾ ਦਾ ਕੰਮ ਪੂਰਾ ਕੀਤਾ। ਉਸ ਨੇ ਦੇਖਿਆ ਕਿ ਉਸ ਨੇ ਜੋ ਵੀ ਕੀਤਾ ਸੀ ਉਹ ਚੰਗਾ ਅਤੇ ਸੰਪੂਰਨ ਸੀ। ਇਸ ਲਈ ਉਸ ਨੇ ਕੁਝ ਸਮਾਂ ਅਰਾਮ ਕੀਤਾ।

ਪਰ, ਜਿਸ ਪਲ ਆਦਮ ਨੇ ਪਾਪ ਕੀਤਾ, ਪਰਮੇਸ਼ੁਰ ਨੇ ਦੁਬਾਰਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪਰ ਇਸ ਵਾਰ ਇਹ ਛੁਟਕਾਰੇ ਦਾ ਕੰਮ—ਮਨੁੱਖ ਨੂੰ ਆਪਣੇ ਵੱਲ ਵਾਪਸ ਲਿਆਉਣ ਦਾ ਕੰਮ ਸੀ। ਉਸ ਸਮੇਂ ਤੋਂ ਪਰਮੇਸ਼ੁਰ ਲਗਾਤਾਰ ਕੰਮ ਕਰ ਰਿਹਾ ਹੈ, ਇਹ ਮਨੁੱਖਜਾਤੀ ਨੂੰ ਛੁਟਕਾਰਾ ਦੇਣ ਦੀ ਪਰਮੇਸ਼ੁਰ ਦੀ ਯੋਜਨਾ ਨੂੰ ਪ੍ਰਗਟ ਕਰਦਾ ਹੈ। ਪਰਮੇਸ਼ੁਰ ਕੰਮ ਕਰਦਾ ਹੈ!

**ਉਤਪਤ 2:15**
**ਯਹੋਵਾਹ ਪਰਮੇਸ਼ੁਰ ਨੇ ਉਸ ਆਦਮੀ ਨੂੰ ਲੈ ਕੇ ਅਦਨ ਦੇ ਬਾਗ ਵਿੱਚ ਰੱਖਿਆ ਤਾਂ ਜੋ ਉਹ ਉਸ ਦੀ ਵਾਹੀ ਤੇ ਰਾਖੀ ਕਰੇ।**

ਪਰਮੇਸ਼ੁਰ ਨੇ ਆਦਮ ਨੂੰ ਅਦਨ ਦੇ ਬਾਗ ਵਿੱਚ ਰੱਖ ਕੇ ਇਹ ਨਹੀਂ ਕਿਹਾ, "ਆਦਮ, ਤੂੰ ਬੱਸ ਮੇਰੀ ਅਰਾਧਨਾ ਕਰਨੀ ਹੈ।" ਪਾਪ ਵਿੱਚ ਡਿੱਗਣ ਤੋਂ ਪਹਿਲਾਂ ਹੀ, ਪਰਮੇਸ਼ੁਰ ਨੇ ਆਦਮ ਨੂੰ ਇੱਕ ਕੰਮ ਸੌਂਪਿਆ ਸੀ। ਆਦਮ ਦਾ ਕੰਮ *"ਬਾਗ ਦੀ ਵਾਹੀ ਤੇ ਰਾਖੀ ਕਰਨਾ ਸੀ"* (ਉਤਪਤ 2:15) ਅਤੇ ਬਾਗ ਦੀ ਦੇਖਭਾਲ ਕਰਨਾ ਸੀ।

ਇਹ ਉਸ ਦਾ ਕੰਮ ਸੀ! ਪਰਮੇਸ਼ੁਰ ਨੇ ਆਦਮ ਦੇ ਪਾਪ ਵਿੱਚ ਡਿੱਗਣ ਤੋਂ ਪਹਿਲਾਂ ਹੀ ਕੰਮ ਦੀ ਧਾਰਨਾ ਪੇਸ਼ ਕੀਤੀ ਸੀ।

ਪਾਪ ਵਿੱਚ ਡਿੱਗਣ ਤੋਂ ਬਾਅਦ, ਆਦਮ ਨੂੰ ਜ਼ਮੀਨ ਦੀ ਵਾਹੀ ਦਾ ਕੰਮ ਜ਼ਾਰੀ ਰੱਖਣਾ ਪਿਆ, ਅੰਤਰ ਸਿਰਫ਼ ਐਨਾ ਸੀ ਕਿ ਹੁਣ ਜ਼ਮੀਨ ਸਰਾਪੀ ਗਈ ਸੀ ਅਤੇ ਆਦਮ ਨੂੰ ਫਸਲ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰਨੀ ਪਈ (ਉਤਪਤ 3:17-19)। ਅਸੀਂ ਸਾਰੇ ਮੰਨਦੇ ਹਾਂ ਕਿ ਵਿਆਹ ਪਰਮੇਸ਼ੁਰ ਦੀ ਯੋਜਨਾ ਹੈ, ਇਸ ਲਈ, ਅਸੀਂ ਵਿਆਹੁਤਾ ਜੀਵਨ ਦਾ ਅਨੰਦ ਮਾਣਦੇ ਹਾਂ। ਅਸੀਂ ਜਾਣਦੇ ਹਾਂ ਕਿ ਕਲੀਸੀਆ ਪਰਮੇਸ਼ੁਰ ਦੀ ਯੋਜਨਾ ਹੈ, ਇਸ ਲਈ, ਅਸੀਂ ਕਲੀਸੀਆ ਦਾ ਅਨੰਦ ਮਾਣਨਾ ਹੈ। ਖੁਸ਼ਖ਼ਬਰੀ ਇਹ ਹੈ ਕਿ ਕੰਮ ਵੀ ਪਰਮੇਸ਼ੁਰ ਦੀ ਯੋਜਨਾ ਹੈ। ਪਰਮੇਸ਼ੁਰ ਨੇ ਇਸ ਦੀ ਸਥਾਪਨਾ ਕੀਤੀ ਸੀ। ਇਸ ਲਈ, ਕੰਮ ਦਾ ਅਨੰਦ ਮਾਣੋ!

# 2
# ਕੰਮ ਦੇ ਪ੍ਰਤੀ ਗ਼ਲਤ ਰਵੱਈਏ

## ਕੰਮ ਇੱਕ ਰੁਕਾਵਟ ਹੈ

ਸਾਡੇ ਵਿੱਚੋਂ ਬਹੁਤ ਸਾਰੇ ਲੋਕ ਪਰਮੇਸ਼ੁਰ ਦੀ ਯੋਜਨਾ ਅਤੇ ਉਦੇਸ਼ ਨੂੰ ਪੂਰਾ ਕਰਨ ਲਈ ਬਹੁਤ ਉਤਸ਼ਾਹਿਤ ਹੁੰਦੇ ਹਨ। ਪਰ ਸਾਡੇ ਸਾਰਿਆਂ ਦਾ ਕੋਈ ਨਾ ਕੋਈ "ਕੰਮ" ਜਾਂ ਨੌਕਰੀ ਹੁੰਦੀ ਹੈ ਜਿਸ 'ਤੇ ਅਸੀਂ ਹਫ਼ਤੇ ਵਿੱਚ ਪੰਜ-ਛੇ ਦਿਨ ਜਾਣਾ ਹੁੰਦਾ ਹੈ। ਕਈ ਵਾਰ ਅਸੀਂ ਸੋਚ ਸਕਦੇ ਹਾਂ, "ਜੇਕਰ ਮੈਂ ਇਸ ਨੌਕਰੀ ਤੋਂ ਛੁਟਕਾਰਾ ਪਾ ਸਕਦਾ, ਤਾਂ ਮੈਂ ਯਿਸੂ ਦੀ ਸੇਵਾ ਕਰਨ ਲਈ ਅਜ਼ਾਦ ਹੁੰਦਾ।" ਸਾਡਾ "ਕੰਮ" ਜਾਂ "ਨੌਕਰੀ" ਸਾਡੇ ਸਵਰਗੀ ਸੱਦੇ ਨੂੰ ਪੂਰਾ ਕਰਨ ਵਿੱਚ ਇੱਕ ਵੱਡੀ ਰੁਕਾਵਟ ਜਾਪਦੀ ਹੈ। ਇਹ ਬਹੁਤ ਗ਼ਲਤ ਰਵੱਈਆ ਹੈ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜਿੰਨਾ ਚਿਰ ਅਸੀਂ ਇਸ ਧਰਤੀ 'ਤੇ ਹਾਂ, ਸਾਨੂੰ ਕੰਮ ਕਰਨ ਦੀ ਜ਼ਰੂਰਤ ਹੈ—ਇੱਥੋਂ ਤੱਕ ਕਿ ਸਾਡੇ ਵਿੱਚੋਂ ਉਨ੍ਹਾਂ ਨੂੰ ਵੀ ਜੋ ਆਪਣਾ ਪੂਰਾ ਸਮਾਂ ਸੇਵਕਾਈ ਵਿੱਚ ਦਿੰਦੇ ਹਨ।

ਜਦੋਂ ਮੈਂ ਪ੍ਰਭੂ ਯਿਸੂ ਨੂੰ "ਕਬੂਲ ਕੀਤਾ" ਮੈਂ ਬਾਰਾਂ ਸਾਲਾਂ ਦਾ ਸੀ। ਉਸ ਸਮੇਂ ਮੈਂ ਬਿਸ਼ਪ ਕਾਟਨ ਬੁਆਇਜ਼ ਸਕੂਲ, ਬੰਗਲੌਰ ਵਿੱਚ ਪੜ੍ਹਦਾ ਸੀ। ਮੇਰੇ ਦਿਲ ਵਿੱਚ ਯਿਸੂ ਦੇ ਲਈ ਬਹੁਤ ਜੋਸ਼ ਸੀ ਅਤੇ ਮੈਨੂੰ ਜਦੋਂ ਵੀ ਮੌਕਾ ਮਿਲਦਾ ਮੈਂ ਯਿਸੂ ਦਾ ਪ੍ਰਚਾਰ ਕਰਦਾ ਸੀ। ਕਈ ਵਾਰ ਮੈਂ ਪ੍ਰਚਾਰ ਕਰਨ ਦੇ ਮੌਕੇ ਪੈਦਾ ਕਰਦਾ ਸੀ। ਮੈਨੂੰ ਯਾਦ ਹੈ ਕਿ ਮੈਂ ਆਪਣੀ ਕਲਾਸ ਵਿੱਚ ਖੜ੍ਹਾ ਹੋ ਕੇ ਸਾਰੀ ਕਲਾਸ ਨੂੰ ਯਿਸੂ ਬਾਰੇ ਦੱਸਦਾ ਸੀ। ਮੈਂ ਗੁਆਂਢ ਦੇ ਦੋ ਸਕੂਲਾਂ—ਬਾਲਡਵਿਨ ਬੁਆਇਜ਼ ਸਕੂਲ ਅਤੇ ਕੈਥੇਡ੍ਰਲ ਸਕੂਲ—ਵਿੱਚ ਜਾ ਕੇ ਯਿਸੂ ਬਾਰੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਪਰ ਸਕੂਲ ਜਾਣਾ ਮੇਰੀ "ਉੱਭਰਦੀ" ਹੋਈ ਸੇਵਕਾਈ ਲਈ ਇੱਕ ਰੁਕਾਵਟ ਜਾਪਦਾ ਸੀ ਅਤੇ "ਪੜ੍ਹਾਈ" ਬਰਕਤ ਦੀ ਬਜਾਇ ਇੱਕ ਰੁਕਾਵਟ ਜਾਪਦੀ ਸੀ। ਇਹ ਇਸ ਤਰ੍ਹਾਂ ਸੀ ਜਿਵੇਂ ਮੇਰੇ ਦਿਲ ਦੇ ਅੰਦਰ ਇੱਕ ਗੁਪਤ ਪ੍ਰਾਰਥਨਾ ਸੀ—"ਹੇ ਪ੍ਰਭੂ, ਮੈਨੂੰ ਇਸ ਤੋਂ ਬਚਾ। ਪ੍ਰਭੂ, ਜੇ ਤੂੰ ਮੈਨੂੰ ਸਕੂਲ ਅਤੇ ਪੜ੍ਹਾਈ ਤੋਂ ਅਜ਼ਾਦ ਕਰ ਦਿੱਤਾ, ਤਾਂ ਮੈਂ ਤੇਰੇ ਰਾਜ ਲਈ ਹੋਰ ਕੰਮ ਕਰ ਸਕਾਂਗਾ ਅਤੇ ਜ਼ਿਆਦਾ ਲੋਕਾਂ ਨੂੰ ਯਿਸੂ ਬਾਰੇ

ਦੱਸ ਸਕਾਂਗਾ।" ਪਰਮੇਸ਼ੁਰ ਦਾ ਧੰਨਵਾਦ ਹੋਵੇ ਕਿ ਉਸ ਨੇ ਮੈਨੂੰ ਇਸ ਤੋਂ ਨਹੀਂ ਛੁਡਾਇਆ! ਮੈਂ ਆਪਣੀ ਸਕੂਲ ਦੀ ਪੜ੍ਹਾਈ ਪੂਰੀ ਕੀਤੀ ਅਤੇ ਮੈਂ ਇੰਜਨੀਅਰਿੰਗ ਕਾਲਜ ਗਿਆ ਅਤੇ ਫਿਰ ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਮੈਨੂੰ ਸਮਝ ਆਉਣ ਲੱਗੀ ਕਿ ਮੈਨੂੰ ਪੜ੍ਹਾਈ ਕਰਨ ਦੀ ਲੋੜ ਕਿਉਂ ਸੀ। ਪਰਮੇਸ਼ੁਰ ਦਾ ਧੰਨਵਾਦ ਹੋਵੇ ਕਿ ਉਸ ਨੇ ਮੈਨੂੰ ਪੜ੍ਹਾਈ ਬੰਦ ਕਰਨ ਲਈ ਨਹੀਂ ਕਿਹਾ। ਪਰ ਇੱਕ ਗੱਲ ਮੈਂ ਜ਼ਰੂਰ ਸਵੀਕਾਰ ਕਰਾਂਗਾ ਕਿ ਇੱਕ ਸਮਾਂ ਸੀ ਜਦੋਂ ਪੜ੍ਹਨਾ ਅਤੇ ਸਕੂਲ ਜਾਣਾ ਪਰਮੇਸ਼ੁਰ ਦੇ ਉਦੇਸ਼ਾਂ ਵਿੱਚ ਇੱਕ ਵੱਡੀ ਰੁਕਾਵਟ ਜਾਪਦਾ ਸੀ। ਬਾਈਬਲ ਪੜ੍ਹਨ, ਪ੍ਰਾਰਥਨਾ ਕਰਨ, ਗਵਾਹੀ ਦੇਣ ਅਤੇ ਪ੍ਰਚਾਰ ਕਰਨ ਦੇ ਮੁਕਾਬਲੇ ਉਨ੍ਹਾਂ ਪੁਸਤਕਾਂ ਨੂੰ ਪੜ੍ਹਨਾ, ਆਪਣਾ ਹੋਮਵਰਕ ਕਰਨਾ ਅਤੇ ਉਨ੍ਹਾਂ ਇਮਤਿਹਾਨਾਂ ਲਈ ਬੈਠਣਾ ਮੈਨੂੰ ਮਾਮੂਲੀ ਜਾਪਦਾ ਸੀ। ਬਾਅਦ ਵਿੱਚ ਮੈਨੂੰ ਪਤਾ ਲੱਗਾ ਕਿ ਇਹ ਕੰਮ ਦੇ ਪ੍ਰਤੀ ਗ਼ਲਤ ਰਵੱਈਆ ਹੈ।

## ਕੰਮ ਇੱਕ ਬੰਧਨ ਹੈ

ਕੁਝ ਲੋਕ ਕੰਮ ਨੂੰ ਬੰਧਨ ਸਮਝਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਜਿਵੇਂ ਉਹ ਬੰਧੂਆ ਮਜ਼ਦੂਰ ਜਾਂ ਕੰਮ ਦੇ ਗ਼ੁਲਾਮ ਹਨ। ਉਹ ਲਗਾਤਾਰ ਸੋਚਦੇ ਹਨ, "ਭਾਵੇਂ ਮੈਨੂੰ ਇਹ ਪਸੰਦ ਹੈ ਜਾਂ ਨਹੀਂ, ਮੈਨੂੰ ਸਵੇਰੇ ਉੱਠ ਕੇ ਕੰਮ 'ਤੇ ਜਾਣਾ ਪਵੇਗਾ।" ਕੰਮ ਵਾਲੀ ਥਾਂ 'ਤੇ ਕੁਝ ਕਾਨੂੰਨ ਹੁੰਦੇ ਹਨ, ਜੋ ਸਮੱਸਿਆ ਨੂੰ ਵਧਾਉਂਦੇ ਹਨ। ਜਿੱਥੇ ਅਸੀਂ ਕੰਮ ਕਰਦੇ ਹਾਂ, ਉੱਥੇ ਅਸੀਂ ਸਵੇਰੇ 9 ਵਜੇ ਪਹੁੰਚਦੇ ਹਾਂ ਅਤੇ ਸ਼ਾਮ ਨੂੰ 6 ਜਾਂ 7 ਵਜੇ ਤੱਕ ਕੰਮ ਕਰਦੇ ਹਾਂ। ਕੰਮ ਵਾਲੀ ਥਾਂ 'ਤੇ, ਸਾਨੂੰ ਸਿਰਫ਼ ਕੁਝ ਕੰਮ ਕਰਨ ਦੀ ਇਜਾਜ਼ਤ ਹੈ, ਅਸੀਂ ਦੂਸਰੇ ਕੰਮ ਨਹੀਂ ਕਰ ਸਕਦੇ। ਇਸ ਕਰਕੇ ਕੁਝ ਲੋਕ ਕੰਮ ਨੂੰ ਬੰਧਨ ਸਮਝਦੇ ਹਨ। ਸਾਡੇ ਵਿੱਚੋਂ ਕੁਝ ਲੋਕ ਕਾਨੂੰਨਾਂ ਅਤੇ ਅਧਿਕਾਰੀਆਂ ਵਿਰੁੱਧ ਬਗ਼ਾਵਤ ਕਰਦੇ ਹਨ।

ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਕੰਮ ਵਾਲੀ ਥਾਂ 'ਤੇ ਕਾਨੂੰਨ ਬੰਧਨ ਨਹੀਂ ਹੁੰਦੇ, ਪਰ ਅਸਲ ਵਿੱਚ ਉਹ ਅਨੁਸ਼ਾਸਨ ਲਈ ਰਾਹ ਪੱਧਰਾ ਕਰਦੇ ਹਨ। ਸਾਨੂੰ ਬੰਧਨ ਅਤੇ ਅਨੁਸ਼ਾਸਨ ਵਿੱਚ ਅੰਤਰ ਨੂੰ ਸਮਝਣਾ ਪਵੇਗਾ। ਸਾਡੇ ਕੋਲ ਮਸੀਹ ਵਿੱਚ ਅਜ਼ਾਦੀ ਅਤੇ ਸੁਤੰਰਤਾ ਹੈ (ਗਲਾਤੀਆਂ 2:4; ਗਲਾਤੀਆਂ 5:1; 2 ਕੁਰਿੰਥੀਆਂ 3:17)। ਪਰ ਸਾਨੂੰ ਇਹ ਵੀ ਸਮਝਣਾ ਪਵੇਗਾ ਕਿ ਮਸੀਹ ਵਿੱਚ ਸਾਡੀ ਅਜ਼ਾਦੀ ਦੀਆਂ ਕੁਝ ਹੱਦਾਂ ਹਨ (ਗਲਾਤੀਆਂ 5:13)। ਇਸ ਲਈ, ਅਸੀਂ ਜੋ ਚਾਹੁੰਦੇ ਹਾਂ ਉਹ ਨਹੀਂ ਕਰ ਸਕਦੇ। ਇਸ ਲਈ ਕੰਮ ਨੂੰ ਬੰਧਨ ਨਾ ਸਮਝੋ, ਸਗੋਂ

ਇਸ ਨੂੰ ਆਪਣੇ ਆਪ ਨੂੰ ਅਨੁਸ਼ਾਸਿਤ ਕਰਨ ਦਾ ਮੌਕਾ ਸਮਝੋ।

## ਕੰਮ ਇੱਕ ਬੁਰਾਈ ਹੈ

ਕੁਝ ਲੋਕ ਕੰਮ ਨੂੰ ਬੁਰਾਈ ਸਮਝਦੇ ਹਨ—ਕੰਮ ਉਹ ਚੀਜ਼ ਹੈ ਜੋ ਅਸੀਂ ਸਿਰਫ਼ ਆਪਣੇ ਬਿੱਲਾਂ ਦਾ ਭੁਗਤਾਨ ਕਰਨ ਲਈ ਕਰਦੇ ਹਾਂ। ਇਸ ਦਾ ਮਤਲਬ ਹੈ, ਕਿ ਸਾਨੂੰ ਕੰਮ ਕਰਨਾ ਪਏਗਾ ਤਾਂ ਜੋ ਅਸੀਂ ਖਾ ਸਕੀਏ ਅਤੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕੀਏ। ਪਰ ਬਹੁਤ ਸਾਰੇ ਲੋਕ ਆਪਣੇ ਕੰਮ ਦਾ ਅਨੰਦ ਨਹੀਂ ਮਾਣਦੇ ਅਤੇ ਸ਼ਿਕਾਇਤਾਂ ਕਰਦੇ ਅਤੇ ਬੁੜਬੁੜਾਉਂਦੇ ਹਨ। ਵਿਸ਼ਵਾਸੀ ਹੋਣ ਦੇ ਨਾਤੇ, ਸਾਨੂੰ ਆਪਣੇ ਕੰਮ ਦਾ ਅਨੰਦ ਮਾਣਨਾ ਚਾਹੀਦਾ ਹੈ ਅਤੇ ਇਸ ਨੂੰ ਬੁਰਾਈ ਸਮਝਣਾ ਬੰਦ ਕਰਨਾ ਚਾਹੀਦਾ ਹੈ।

## ਕੰਮ ਪੂਜਾ ਹੈ

ਕੁਝ ਲੋਕ ਕੰਮ ਹੀ ਕਰਦੇ ਰਹਿੰਦੇ ਹਨ ਅਤੇ ਇਸ ਭੁਲੇਖੇ ਨਾਲ ਕੰਮ ਕਰਦੇ ਹਨ ਕਿ ਕੰਮ ਪੂਜਾ ਹੈ। ਇਹ ਰਵੱਈਆ ਸਾਡੇ ਕੰਮ ਵਾਲੇ ਸੱਭਿਆਚਾਰ ਉੱਤੇ ਹਾਵੀ ਹੋਣ ਲੱਗ ਪਿਆ ਹੈ। ਕੰਮ ਪੂਜਾ ਨਹੀਂ ਹੈ ਕਿਉਂਕਿ ਅਰਾਧਨਾ ਪਰਮੇਸ਼ੁਰ ਨਾਲ ਗੱਲਬਾਤ ਹੈ। ਤੁਸੀਂ ਪਰਮੇਸ਼ੁਰ ਬਾਰੇ ਸੋਚੇ ਬਿਨ੍ਹਾਂ ਕੰਮ ਕਰ ਸਕਦੇ ਹੋ।

# 3
# ਕੰਮ ਦੇ ਪ੍ਰਤੀ ਵਿਸ਼ਵਾਸੀ ਦਾ ਦ੍ਰਿਸ਼ਟੀਕੋਣ

ਵਿਸ਼ਵਾਸੀ ਹੋਣ ਦੇ ਨਾਤੇ, ਕੰਮ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਕੀ ਹੋਣਾ ਚਾਹੀਦਾ ਹੈ? ਸਾਨੂੰ ਉਸ ਕਾਰੋਬਾਰ, ਪੇਸ਼ੇ ਅਤੇ ਕਿੱਤੇ ਨੂੰ ਕਿਵੇਂ ਦੇਖਣਾ ਚਾਹੀਦਾ ਹੈ ਜੋ ਪਰਮੇਸ਼ੁਰ ਨੇ ਸਾਨੂੰ ਦਿੱਤਾ ਹੈ? ਇੱਥੇ ਤਿੰਨ ਦ੍ਰਿਸ਼ਟੀਕੋਣ ਹਨ ਜੋ ਮੈਂ ਹਰੇਕ ਵਿਸ਼ਵਾਸੀ ਲਈ ਮਹੱਤਵਪੂਰਣ ਸਮਝਦਾ ਹਾਂ।

## ਕੰਮ ਇੱਕ ਸਾਧਨ ਹੈ

ਸਾਡਾ ਕੰਮ, ਨੌਕਰੀ ਜਾਂ ਰੁਜ਼ਗਾਰ ਇਸ ਧਰਤੀ ਉੱਤੇ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਪੂਰਾ ਕਰਨ ਦਾ ਇੱਕ ਸਾਧਨ ਹੈ। ਇਹ ਉਹ ਸਾਧਨ ਹੈ ਜਿਸ ਦੁਆਰਾ ਇਸ ਧਰਤੀ ਉੱਤੇ ਪਰਮੇਸ਼ੁਰ ਦੇ ਉਦੇਸ਼ ਪੂਰੇ ਕੀਤੇ ਜਾਂਦੇ ਹਨ। ਦੂਜੇ ਸ਼ਬਦਾਂ ਵਿੱਚ, ਕੰਮ ਇੱਕ ਪਰਮੇਸ਼ੁਰ ਦੁਆਰਾ ਦਿੱਤਾ ਗਿਆ ਸਾਧਨ ਹੈ ਜੋ ਕਿਸੇ ਦੇ ਜੀਵਨ ਲਈ ਪਰਮੇਸ਼ੁਰ ਦੀ ਇੱਛਾ ਅਤੇ ਉਦੇਸ਼ ਨੂੰ ਪੂਰਾ ਕਰਦਾ ਹੈ। ਮੈਂ ਇਹ ਸਮਝਦਾ ਹਾਂ ਕਿ ਕਈਆਂ ਨੂੰ ਆਪਣਾ ਪੂਰਾ ਸਮਾਂ ਸੇਵਕਾਈ ਵਿੱਚ ਦੇਣ ਲਈ ਬੁਲਾਇਆ ਗਿਆ ਹੈ। ਪਰ ਆਪਣਾ ਪੂਰਾ ਸਮਾਂ ਸੇਵਕਾਈ ਵਿੱਚ ਦੇਣਾ ਇੱਕ ਅਰਥ ਵਿੱਚ "ਕੰਮ" ਵੀ ਹੈ।

## ਕੰਮ ਇੱਕ ਰਣਨੀਤੀ ਹੈ

ਸਾਨੂੰ ਪਰਮੇਸ਼ੁਰ ਦੀ ਇੱਛਾ ਅਤੇ ਉਦੇਸ਼ ਨੂੰ ਪੂਰਾ ਕਰਨ ਦੇ ਯੋਗ ਬਣਨ ਦੇ ਲਈ ਆਪਣੇ ਕੰਮ ਨੂੰ ਪਰਮੇਸ਼ੁਰ ਦੀ ਰਣਨੀਤੀ ਦੇ ਹਿੱਸੇ ਵਜੋਂ ਸਮਝਣਾ ਅਤੇ ਦੇਖਣਾ ਸ਼ੁਰੂ ਕਰਨਾ ਚਾਹੀਦਾ ਹੈ। ਉਦਾਹਰਣ ਲਈ, ਇੱਕ ਵਿਸ਼ਵਾਸੀ ਹੋਣ ਦੇ ਨਾਤੇ, ਤੁਹਾਡੇ ਮਨ ਵਿੱਚ ਲੋਕਾਂ ਨੂੰ ਪ੍ਰਭੂ ਦੇ ਲਈ ਜਿੱਤਣ ਦਾ ਬੋਝ ਹੋ ਸਕਦਾ ਹੈ। ਤੁਹਾਡਾ ਕੰਮ ਅਤੇ ਤੁਹਾਡਾ ਕਾਰੋਬਾਰੀ ਪੇਸ਼ਾ ਤੁਹਾਨੂੰ ਉਨ੍ਹਾਂ ਲੋਕਾਂ ਦੇ ਸੰਪਰਕ ਵਿੱਚ ਲਿਆਵੇਗਾ, ਜਿਨ੍ਹਾਂ ਨਾਲ ਤੁਸੀਂ ਕਦੇ ਨਹੀਂ ਸੀ ਮਿਲ ਸਕਦੇ। ਤੁਹਾਨੂੰ ਹੁਣ ਆਪਣੇ ਕੰਮ ਨੂੰ ਦੈਵੀ ਰਣਨੀਤੀ ਦੇ ਰੂਪ ਵਿੱਚ ਦੇਖਣਾ ਚਾਹੀਦਾ ਹੈ। ਪਰਮੇਸ਼ੁਰ ਤੁਹਾਡੇ ਕਾਰੋਬਾਰ ਨੂੰ ਇੱਕ ਰਣਨੀਤੀ ਵਜੋਂ ਵਰਤ ਰਿਹਾ ਹੈ ਅਤੇ ਤੁਹਾਨੂੰ ਉਨ੍ਹਾਂ

ਲੋਕਾਂ ਨਾਲ ਜੋੜ ਰਿਹਾ ਹੈ ਜਿਨ੍ਹਾਂ ਬਾਰੇ ਉਹ ਚਾਹੁੰਦਾ ਹੈ ਕਿ ਤੁਸੀਂ ਉਨ੍ਹਾਂ ਨੂੰ ਮਸੀਹ ਬਾਰੇ ਦੱਸੋ। ਤੁਹਾਡਾ ਕੰਮ ਤੁਹਾਡਾ "ਪੁਲਪਿਟ" ਹੈ ਅਤੇ ਜਿਨ੍ਹਾਂ ਲੋਕਾਂ ਨਾਲ ਤੁਸੀਂ ਗੱਲਬਾਤ ਕਰਦੇ ਹੋ ਉਹ ਤੁਹਾਡੇ "ਪੈਰਿਸ਼" ਹਨ।

## ਕੰਮ ਤਿਆਰੀ ਦੀ ਪ੍ਰਕਿਰਿਆ ਹੈ

ਕੰਮ ਸਿਰਫ਼ ਉਹ ਥਾਂ ਨਹੀਂ ਹੈ ਜਿੱਥੇ ਪੈਸਾ ਕਮਾਇਆ ਜਾਂਦਾ ਹੈ, ਪਰ ਇਹ ਇੱਕ ਅਜਿਹੀ ਥਾਂ ਹੈ ਜਿੱਥੇ ਪਰਮੇਸ਼ੁਰ ਸਾਡੇ ਚਰਿੱਤਰ ਨੂੰ ਬਣਾਉਂਦਾ ਹੈ। ਇਹ ਸਾਡੀ ਤਿਆਰੀ ਦੀ ਪ੍ਰਕਿਰਿਆ ਦਾ ਇੱਕ ਹਿੱਸਾ ਹੈ। ਅਸੀਂ ਅਕਸਰ ਸੋਚਦੇ ਹਾਂ ਕਿ ਚਰਿੱਤਰ ਸਿਰਫ਼ ਸੰਡੇ ਸਕੂਲ, ਗਿਰਜਾਘਰ ਜਾਂ ਬਾਈਬਲ ਸਕੂਲ ਵਿੱਚ ਬਣਾਇਆ ਜਾਂਦਾ ਹੈ, ਪਰ ਪਰਮੇਸ਼ੁਰ ਸਾਡੇ ਚਰਿੱਤਰ ਨੂੰ ਕਿਤੇ ਵੀ ਬਣਾ ਸਕਦਾ ਹੈ। ਉਹ ਸਾਡੇ ਜੀਵਨ ਵਿੱਚ 24 ਘੰਟੇ ਕੰਮ ਕਰਦਾ ਹੈ।

ਸਾਡੇ ਕੰਮ ਦੇ ਸਥਾਨਾਂ 'ਤੇ, ਪਰਮੇਸ਼ੁਰ ਸਾਨੂੰ ਸਿਖਾ ਸਕਦਾ ਹੈ ਕਿ ਲੋਕਾਂ ਨਾਲ ਕਿਵੇਂ ਵਿਹਾਰ ਕਰਨਾ ਹੈ, ਵੱਖ-ਵੱਖ ਹਲਾਤ ਵਿੱਚ ਕਿਵੇਂ ਪ੍ਰਤੀਕਿਰਿਆ ਕਰਨੀ ਹੈ, ਰੱਬੀ ਗਿਆਨ ਕਿਵੇਂ ਪ੍ਰਾਪਤ ਕਰਨਾ ਹੈ ਅਤੇ ਸਮੱਸਿਆਵਾਂ ਨੂੰ ਕਿਵੇਂ ਹੱਲ ਕਰਨਾ ਹੈ। ਸਾਡੇ ਕੰਮ ਦੇ ਸਥਾਨਾਂ 'ਤੇ, ਕੁਝ ਲੋਕ ਅਜਿਹੇ ਲੋਕਾਂ ਦੇ ਸੰਪਰਕ ਵਿੱਚ ਆਉਣਗੇ ਜੋ ਸਾਡੇ ਸਰੀਰ ਵਿੱਚ ਕੰਡਿਆਂ ਵਾਂਗ ਹੋਣਗੇ, ਉਹ ਲੋਕ ਜਿਨ੍ਹਾਂ ਨਾਲ ਅਸੀਂ ਤਾਲਮੇਲ ਨਹੀਂ ਬਣਾ ਸਕਦੇ। ਪਰ ਪਰਮੇਸ਼ੁਰ ਸਾਡੇ ਚਰਿੱਤਰ ਦਾ ਨਿਰਮਾਣ ਕੰਮ ਦੇ ਵਿਚਕਾਰ ਹੀ ਕਰ ਸਕਦਾ ਹੈ। ਸਾਡੇ ਕੰਮ ਦੇ ਸਥਾਨਾਂ 'ਤੇ, ਸਾਡੇ ਕੋਲ ਨਵੇਂ ਹੁਨਰ ਸਿੱਖਣ ਅਤੇ ਸਾਡੀਆਂ ਕਾਬਲੀਅਤਾਂ ਨੂੰ ਵਿਕਸਿਤ ਕਰਨ ਦੇ ਮੌਕੇ ਹੋ ਸਕਦੇ ਹਨ ਜੋ ਪਰਮੇਸ਼ੁਰ ਆਪਣੇ ਰਾਜ ਨੂੰ ਵਧਾਉਣ ਲਈ ਵਰਤ ਸਕਦਾ ਹੈ। ਉਦਾਹਰਣ ਲਈ, ਤੁਹਾਡੇ ਕੰਮ ਵਾਲੀ ਥਾਂ 'ਤੇ ਤੁਹਾਡੇ ਕੋਲ ਆਗੂਪੁਣੇ ਦੇ ਗੁਣ ਹੋ ਸਕਦੇ ਹਨ ਅਤੇ ਇਹ ਵੀ ਹੋ ਸਕਦਾ ਹੈ ਕਿ ਪਰਮੇਸ਼ੁਰ ਉਨ੍ਹਾਂ ਗੁਣਾਂ ਦੀ ਵਰਤੋਂ ਤੁਹਾਡੀ ਸਥਾਨਕ ਕਲੀਸਿਆ ਵਿੱਚ, ਇੱਕ ਸੇਵਕਾਈ ਵਿੱਚ ਕਰ ਸਕਦਾ ਹੈ ਅਤੇ ਉਸ ਜਗ੍ਹਾ 'ਤੇ ਤੁਹਾਨੂੰ ਬਰਕਤ ਦਾ ਕਾਰਣ ਬਣਾ ਸਕਦਾ ਹੈ।

ਆਓ ਅਸੀਂ ਬਾਈਬਲ ਦੇ ਕੁਝ ਪਾਤਰਾਂ ਉੱਤੇ ਵਿਚਾਰ ਕਰੀਏ।

## ਯੂਸੁਫ਼
### *ਨਬੂਵਤੀ ਸੁਫ਼ਨੇ ਅਤੇ ਯੋਜਨਾ ਨੂੰ ਪੂਰਾ ਕਰਨਾ*

ਯੂਸੁਫ਼ ਬਾਰੇ ਸੋਚੋ। ਯੂਸੁਫ਼ ਨੂੰ ਪਰਮੇਸ਼ੁਰ ਦੁਆਰਾ ਇੱਕ ਦਰਸ਼ਣ ਦਿੱਤਾ ਗਿਆ ਸੀ, ਪਰਮੇਸ਼ੁਰ ਦੁਆਰਾ ਇੱਕ ਸੁਫ਼ਨਾ ਦਿੱਤਾ ਗਿਆ ਸੀ, ਪਰ ਉਸ ਨੇ ਸਭ ਕੁਝ ਛੱਡ ਕੇ "ਪੂਰੇ ਸਮੇਂ ਦੀ ਸੇਵਕਾਈ" ਨਹੀਂ ਕੀਤੀ। ਯੂਸੁਫ਼ ਪਰਮੇਸ਼ੁਰ ਦੀ ਤਿਆਰੀ ਦੀ ਪ੍ਰਕਿਰਿਆ ਵਿੱਚੋਂ ਲੰਘਿਆ। ਇਸ ਦੌਰਾਨ ਉਸ ਨੂੰ ਪੋਟੀਫ਼ਰ ਦੇ ਘਰ ਲਿਜਾਇਆ ਜਾਂਦਾ ਹੈ। ਕੰਮ ਪ੍ਰਤੀ ਵਿਸ਼ਵਾਸੀ ਦਾ ਰਵੱਈਆ ਕੰਮ ਕਰਨ ਲਈ ਮਜ਼ਬੂਰ ਹੋਣਾ ਅਤੇ ਉਹ ਕੰਮ ਕਰਨਾ ਸੀ ਜੋ ਉਸ ਨੂੰ ਉੱਥੇ ਸੌਂਪਿਆ ਗਿਆ ਸੀ। ਉੱਥੋਂ ਉਹ ਬਿਨ੍ਹਾਂ ਕਿਸੇ ਜ਼ੁਰਮ ਦੇ ਕੈਦ ਹੋ ਗਿਆ ਅਤੇ ਉਸ ਨੂੰ ਜ਼ੇਲ ਵਿੱਚ ਕੰਮ ਕਰਨਾ ਪਿਆ। ਉਸ ਨੂੰ ਬਾਕੀ ਸਾਰੇ ਕੈਦੀਆਂ ਦੀ ਨਿਗਰਾਨੀ ਲਈ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਮਿਸਰ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਮਿਲਿਆ ਅਤੇ ਇੱਥੇ ਵੀ ਉਨ੍ਹਾਂ ਨੂੰ ਕੰਮ ਕਰਨਾ ਪਿਆ। ਉਸ ਨੂੰ ਪੂਰੇ ਸਮੇਂ ਦੀ ਸੇਵਕਾਈ ਲਈ ਨਹੀਂ ਬੁਲਾਇਆ ਗਿਆ ਸੀ, ਫਿਰ ਵੀ ਪਰਮੇਸ਼ੁਰ ਨੇ ਉਸ ਨੂੰ ਆਪਣੇ ਦੈਵੀ ਉਦੇਸ਼ ਨੂੰ ਪੂਰਾ ਕਰਨ ਲਈ ਇਸ ਅਹੁਦੇ ਲਈ ਨਿਯੁਕਤ ਕੀਤਾ ਸੀ। ਯੂਸੁਫ਼ ਨੇ ਮਿਸਰ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸੇਵਾ ਕੀਤੀ ਅਤੇ ਪਰਮੇਸ਼ੁਰ ਨੇ ਇਸ ਨੂੰ ਉਸ ਸੁਪਨੇ ਨੂੰ ਪੂਰਾ ਕਰਨ ਦਾ ਇੱਕ ਸਾਧਨ ਬਣਾਇਆ ਜੋ ਉਸ ਨੇ ਯੂਸੁਫ਼ ਨੂੰ ਬਚਪਨ ਵਿੱਚ ਦਿੱਤਾ ਸੀ। ਕੀ ਹੁੰਦਾ ਜੇ ਯੂਸੁਫ਼ ਪ੍ਰਧਾਨ ਮੰਤਰੀ ਦੀ ਨੌਕਰੀ ਛੱਡ ਕੇ ਜੰਗਲ ਵਿੱਚ ਕਿਤੇ ਕਿਸੇ ਮੱਠ ਵਿੱਚ ਬੈਠ ਗਿਆ ਹੁੰਦਾ? ਉਸ ਨੇ ਸ਼ਾਇਦ ਪਰਮੇਸ਼ੁਰ ਦੁਆਰਾ ਦਿੱਤਾ ਗਿਆ ਸੁਪਨਾ ਕਦੇ ਪੂਰਾ ਹੁੰਦਾ ਨਹੀਂ ਵੇਖ ਪਾਉਂਦਾ!

ਇਸ ਸੱਚਾਈ 'ਤੇ ਵਿਚਾਰ ਕਰੋ। ਯੂਸੁਫ਼ ਤੋਂ ਕਈ ਸਾਲ ਪਹਿਲਾਂ, ਪਰਮੇਸ਼ੁਰ ਨੇ ਅਬਰਾਹਾਮ ਨਾਲ ਗੱਲ ਕੀਤੀ ਅਤੇ ਕਿਹਾ ਕਿ ਉਹ ਆਪਣੇ ਵੰਸ਼ ਨੂੰ ਪਰਦੇਸ ਵਿੱਚ ਲੈ ਜਾਵੇਗਾ। *"ਤਦ ਯਹੋਵਾਹ ਨੇ ਅਬਰਾਮ ਨੂੰ ਆਖਿਆ: "ਤੂੰ ਸੱਚ ਜਾਣ ਭਈ ਤੇਰੀ ਅੰਸ ਇੱਕ ਦੇਸ਼ ਵਿੱਚ ਜਿਹੜਾ ਉਨ੍ਹਾਂ ਦਾ ਨਹੀਂ ਹੈ ਪਰਦੇਸੀ ਹੋਊਗੀ ਅਤੇ ਉਨ੍ਹਾਂ ਦੀ ਗ਼ੁਲਾਮੀ ਕਰੇਗੀ ਅਰ ਓਹ ਉਨ੍ਹਾਂ ਨੂੰ ਚਾਰ ਸੌ ਵਰਿਹਾਂ ਤੀਕ ਦੁੱਖ ਦੇਣਗੇ ਅਤੇ ਉਸ ਕੌਮ ਦਾ ਵੀ ਜਿਹ ਦੀ ਉਹ ਗ਼ੁਲਾਮੀ ਕਰਨਗੇ ਮੈਂ ਨਿਆਉਂ ਕਰਾਂਗਾ ਅਤੇ ਇਹ ਦੇ ਮਗਰੋਂ ਓਹ ਵੱਡੇ ਮਾਲ ਧਨ ਨਾਲ ਨਿੱਕਲ ਆਉਣਗੇ।"* (ਉਤਪਤ 15:13,14)। ਪਰਮੇਸ਼ੁਰ ਨੇ ਯੂਸੁਫ਼ ਨੂੰ ਜੋ ਹੁਨਰ ਅਤੇ "ਪੇਸ਼ਾ" ਕੰਮ ਦਿੱਤਾ ਸੀ ਉਸ ਨੂੰ ਇੱਕ ਸਾਧਨ ਦੇ ਰੂਪ ਵਿੱਚ

ਵਰਤਿਆ। ਤਾਂ ਕਿ ਉਹ ਇਸ ਭਵਿੱਖਬਾਣੀ ਦੀ ਯੋਜਨਾਵਾਂ ਨੂੰ ਪੂਰਾ ਕਰ ਸਕੇ।

ਸਾਡੇ ਵਿੱਚੋਂ ਬਹੁਤ ਸਾਰੇ ਲੋਕ ਸਮਾਜਾਂ, ਸ਼ਹਿਰਾਂ ਅਤੇ ਦੇਸ਼ਾਂ ਦੇ ਲਈ ਪਰਮੇਸ਼ੁਰ ਦੀਆਂ ਯੋਜਨਾਵਾਂ ਤੋਂ ਅਣਜਾਣ ਹਨ। ਉਸ ਦੇ ਕੋਲ *'ਕੈਰੋਸ਼'* ਦੇ ਪਲ ਹਨ (ਯੂਨਾਨੀ ਭਾਸ਼ਾਂ ਦੇ ਕੈਰੋਸ਼ ਦਾ ਉਪਯੋਗ ਖਾਸ ਘਟਨਾਵਾਂ, ਮੌਕੇ ਦੇ ਪਲ, ਮਹੱਤਵਪੂਰਨ ਘਟਨਾਵਾਂ ਅਤੇ ਸਮੇਂ ਵਿੱਚ ਤਬਦੀਲੀਆਂ ਦੇ ਲਈ ਹੁੰਦਾ ਹੈ) ਅਤੇ ਰੱਬੀ ਪ੍ਰਵੇਸ਼ (ਕਬਜ਼ੇ) ਦੇ ਪਲ, ਜਿੱਥੇ ਮੌਕੇ ਦੇ ਦੁਆਰਾ ਸਮਾਜਾਂ, ਸ਼ਹਿਰਾਂ ਅਤੇ ਦੇਸ਼ਾਂ ਦੇ ਲਈ ਮੌਕੇ ਦੇ ਦਰਵਾਜ਼ੇ ਖੁੱਲ੍ਹ ਸਕਦੇ ਹਨ। ਪਰਮੇਸ਼ੁਰ "ਯੂਸੁਫ਼" ਦੀ ਖੋਜ ਵਿੱਚ ਹੈ ਜਿਨ੍ਹਾਂ ਨੂੰ ਉਹ ਆਪਣੇ ਗੁਣਾਂ ਅਤੇ ਪੇਸ਼ੇਵਰ ਯੋਗਤਾਵਾਂ ਦੀ ਵਰਤੋਂ ਕਰਦੇ ਹੋਏ ਸਮਾਜਾਂ, ਸ਼ਹਿਰਾਂ ਅਤੇ ਦੇਸ਼ਾਂ ਦੇ ਲਈ ਆਪਣੀਆਂ ਭਵਿੱਖ ਦੀਆਂ ਯੋਜਨਾਵਾਂ ਨੂੰ ਪੂਰਾ ਕਰਨ ਲਈ ਇਸਤੇਮਾਲ ਕਰ ਸਕੇ।

## ਦਾਊਦ, ਦਾਨੀਏਲ ਅਤੇ ਪੌਲੁਸ

### *ਆਤਮਿਕ ਅਤੇ ਦੁਨਿਆਵੀ ਦਾ ਤਾਲਮੇਲ*

ਦਾਊਦ ਜ਼ਬੂਰਾਂ ਦਾ ਲਿਖਾਰੀ, ਨਬੀ ਅਤੇ ਰਾਜਾ ਸੀ। ਦਾਨੀਏਲ ਸਿਰਫ਼ ਇੱਕ ਨਬੀ ਹੀ ਨਹੀਂ ਸਗੋਂ ਪ੍ਰਧਾਨ ਮੰਤਰੀ ਵੀ ਸੀ ਜੋ ਦੇਸ਼ ਦਾ ਪ੍ਰਸ਼ਾਸਨ ਚਲਾਉਂਦਾ ਸੀ ਅਤੇ ਰਾਜੇ ਦੇ ਕੰਮਕਾਜ ਦਾ ਧਿਆਨ ਰੱਖਦਾ ਸੀ। ਪੌਲੁਸ ਬਾਰੇ ਵਿਚਾਰ ਕਰੋ। ਅਸੀਂ ਉਸ ਨੂੰ ਇੱਕ ਅਜਿਹੇ ਮਹਾਨ ਰਸੂਲ ਵਜੋਂ ਜਾਣਦੇ ਹਾਂ ਜਿਸ ਨੇ ਜ਼ਿਆਦਾਤਰ ਨਵੇਂ ਨੇਮ ਦਾ ਹਿੱਸਾ ਲਿਖਿਆ। ਸਾਡੇ ਕੋਲ ਇਹ ਅੰਦਾਜ਼ਾ ਲਗਾਉਣ ਲਈ ਕਾਫ਼ੀ ਸਬੂਤ ਹਨ ਕਿ ਘੱਟੋ-ਘੱਟ ਤਿੰਨ ਸ਼ਹਿਰਾਂ—ਅਫ਼ਸੁਸ, ਕੁਰਿੰਥੁਸ ਅਤੇ ਥੱਸਲੁਨੀਕੇ—ਵਿੱਚ ਉਸ ਨੇ ਆਪਣੇ ਅਤੇ ਆਪਣੀ ਸੇਵਕਾਈ ਦੀ ਟੀਮ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਕੰਮ ਕੀਤਾ ਸੀ। ਉਹ ਨੇ ਆਪਣੇ ਹੱਥਾਂ ਨਾਲ ਕੰਮ ਕੀਤਾ ਅਤੇ ਆਪਣੀਆਂ ਜ਼ਰੂਰਤਾਂ ਦਾ ਧਿਆਨ ਰੱਖਿਆ, ਉਹ ਉਨ੍ਹਾਂ ਲੋਕਾਂ ਲਈ ਬੋਝ ਨਹੀਂ ਬਣਿਆ ਜਿਨ੍ਹਾਂ ਵਿੱਚ ਉਹ ਸੇਵਾ ਕਰਦਾ ਸੀ।

ਦਾਊਦ, ਦਾਨੀਏਲ ਅਤੇ ਪੌਲੁਸ ਵਿੱਚ ਅਸੀਂ "ਆਤਮਿਕ" ਅਤੇ "ਸੰਸਾਰਕ" ਸੁਮੇਲ ਨੂੰ ਦੇਖਦੇ ਹਾਂ। ਸਾਨੂੰ ਅਜਿਹੀ ਥਾਂ 'ਤੇ ਆਉਣਾ ਪਵੇਗਾ ਜਿੱਥੇ ਅਸੀਂ ਕੰਮ ਨੂੰ ਸੰਸਾਰਿਕ ਗੱਲ ਦੇ ਰੂਪ ਵਿੱਚ ਅਤੇ ਪਰਮੇਸ਼ੁਰ ਦੇ ਨਾਲ ਸਾਡੀ ਯਾਤਰਾ ਨੂੰ ਆਤਮਿਕ ਅਤੇ ਕੰਮ ਤੋਂ ਵੱਖਰਾ ਨਹੀਂ ਸਮਝਦੇ। ਆਪਣੇ ਕੰਮ ਨੂੰ ਪਰਮੇਸ਼ੁਰ ਨਾਲ

ਆਪਣੇ ਜੀਵਨ ਦਾ ਹਿੱਸਾ ਸਮਝੋ। ਇਹ ਤੁਹਾਡੇ ਜੀਵਨ ਲਈ ਪਰਮੇਸ਼ੁਰ ਦੀ ਯੋਜਨਾ ਦਾ ਇੱਕ ਹਿੱਸਾ ਹੈ। ਦਾਊਦ, ਦਾਨੀਏਲ ਜਾਂ ਪੌਲੁਸ ਨੇ ਕੰਮ ਕੀਤਾ, ਇਸ ਲਈ ਉਨ੍ਹਾਂ ਨੇ ਆਪਣਾ ਮਸਹ ਨਹੀਂ ਗੁਆਇਆ! ਤੁਹਾਡਾ ਕੰਮ "ਆਤਮਿਕ" ਹੈ ਸਿਰਫ਼ ਇਸੇ ਲਈ ਕਿ ਪਰਮੇਸ਼ੁਰ ਵੀ ਕੰਮ ਕਰਦਾ ਹੈ।

# 4

# ਵਿਸ਼ਵਾਸੀਆਂ ਨੂੰ ਕੰਮ ਕਰਨ ਦਾ ਹੁਕਮ ਦਿੱਤਾ ਗਿਆ ਹੈ

ਨਵੇਂ ਨੇਮ ਵਿੱਚ, ਪ੍ਰਭੂ ਯਿਸੂ ਨੇ ਵਿਸ਼ਵਾਸੀਆਂ ਨੂੰ ਸਾਰੇ ਸੰਸਾਰ ਵਿੱਚ ਜਾ ਕੇ ਖੁਸ਼ਖ਼ਬਰੀ ਦਾ ਪ੍ਰਚਾਰ ਕਰਨ ਦੀ ਮਹਾਨ ਆਗਿਆ ਦਿੱਤੀ। ਨਵੇਂ ਨੇਮ ਦੀ ਕਲੀਸਿਆ ਚੰਗੀ ਤਰ੍ਹਾਂ ਨਾਲ ਇਹ ਤਰੀਕਾ ਅਪਨਾ ਸਕਦੀ ਸੀ ਜਿੱਥੇ ਉਹ ਜਾ ਕੇ ਹਰ ਬਚਾਏ ਗਏ ਵਿਅਕਤੀ ਨੂੰ ਸਾਰੇ "ਸੰਸਾਰਿਕ" ਕੰਮਾਂ ਨੂੰ ਛੱਡ ਕੇ ਸਿਰਫ਼ ਖੁਸ਼ਖ਼ਬਰੀ ਦਾ ਪ੍ਰਚਾਰ ਹੀ ਕਰਨ। ਪਰ ਇਹ ਦੇਖਣਾ ਬਹੁਤ ਦਿਲਚਸਪ ਹੈ ਕਿ ਪੌਲੁਸ ਰਸੂਲ ਨੇ ਵਿਸ਼ਵਾਸੀਆਂ ਨੂੰ ਕੀ ਕਰਨ ਲਈ ਕਿਹਾ ਸੀ।

## ਆਪਣੇ ਹੱਥਾਂ ਨਾਲ ਕੰਮ ਕਰੋ

**ਅਫ਼ਸੀਆਂ 4:28**

**ਚੋਰੀ ਕਰਨ ਵਾਲਾ ਅਗਾਹਾਂ ਨੂੰ ਚੋਰੀ ਨਾ ਕਰੇ ਸਗੋਂ ਆਪਣੇ ਹੱਥੀਂ ਮਿਹਨਤ ਕਰ ਕੇ ਭਲਾ ਕੰਮ ਕਰੇ ਭਈ ਜਿਹ ਨੂੰ ਲੋੜ ਹੈ ਉਹ ਨੂੰ ਵੰਡ ਦੇਣ ਲਈ ਕੁਝ ਉਹ ਦੇ ਕੋਲ ਹੋਵੇ।**

ਜੋ ਪਹਿਲਾਂ ਚੋਰੀ ਕਰਦਾ ਸੀ ਉਸ ਨੂੰ ਹੁਣ ਚੋਰੀ ਨਹੀਂ ਕਰਨੀ ਚਾਹੀਦੀ, ਸਗੋਂ ਹੱਥਾਂ ਨਾਲ ਕੰਮ ਕਰਨਾ ਚਾਹੀਦਾ ਹੈ। ਉਸ ਨੇ ਆਪਣੇ ਹੱਥਾਂ ਨਾਲ ਮਿਹਨਤ ਕਰਨੀ ਹੈ, ਜੋ ਸਹੀ ਅਤੇ ਭਲਾ ਹੈ ਉਹ ਕਰਨਾ ਹੈ, ਤਾਂ ਜੋ ਉਸ ਕੋਲ ਆਪਣੀਆਂ ਜ਼ਰੂਰਤਾਂ ਪੂਰੀਆਂ ਦੇ ਲਈ ਅਤੇ ਲੋੜਵੰਦਾਂ ਨੂੰ ਵੀ ਦੇਣ ਲਈ ਕਾਫ਼ੀ ਹੋਵੇ, ਇੱਥੇ ਪੌਲੁਸ ਨੇ ਵਿਸ਼ਵਾਸੀਆਂ ਨੂੰ ਆਪਣੇ ਹੱਥਾਂ ਨਾਲ ਕੰਮ ਕਰਨ ਦੀ ਕੀਮਤ ਅਤੇ ਮਹੱਤਤਾ ਸਿਖਾਈ। ਉਸ ਨੇ ਉਨ੍ਹਾਂ ਨੂੰ ਉਹ ਕੰਮ ਵੀ ਕਰਨ ਦੀ ਹਿਦਾਇਤ ਦਿੱਤੀ ਜੋ ਭਲਾ ਹੈ। ਇਸ ਦਾ ਮਤਲਬ ਇਹ ਹੈ ਕਿ ਵਿਸ਼ਵਾਸੀਆਂ ਨੂੰ ਅਜਿਹੇ ਕੰਮਾਂ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ ਹੈ ਜੋ ਬੇਈਮਾਨੀ ਵਾਲੇ ਜਾਂ ਗ਼ਲਤ ਹਨ।

## ਤਾਂ ਜੋ ਤੁਹਾਨੂੰ ਕਿਸੇ ਚੀਜ਼ ਦੀ ਕਮੀ ਨਾ ਹੋਵੇ

**1 ਥੱਸਲੁਨੀਕੀਆਂ 4:11,12**

**[11] ਅਤੇ ਜਿਵੇਂ ਅਸਾਂ ਤੁਹਾਨੂੰ ਹੁਕਮ ਦਿੱਤਾ ਸੀ ਤੁਸੀਂ ਚੁੱਪ ਚਾਪ ਰਹਿਣ ਅਤੇ ਆਪੋ ਆਪਣੇ ਕੰਮ ਧੰਦੇ ਕਰਨ ਅਤੇ ਆਪਣੇ ਹੱਥੀਂ ਮਿਹਨਤ ਕਰਨ ਦੀ ਧਾਰਨਾ ਧਾਰੋ।**

**[12] ਭਈ ਤੁਸੀਂ ਬਾਹਰ ਲਿਆਂ ਲੋਕਾਂ ਦੇ ਸਾਹਮਣੇ ਭਲਮਣਸਊ ਨਾਲ ਚੱਲੋ ਅਤੇ ਕਿਸੇ ਦੇ ਅਰਥੀਏ ਨਾ ਹੋਵੋ।**

ਪੌਲੁਸ ਨੇ ਵਿਸ਼ਵਾਸੀਆਂ ਨੂੰ ਆਪਣੇ ਹੱਥਾਂ ਨਾਲ ਮਿਹਨਤ ਕਰਨ ਲਈ ਕਿਹਾ ਤਾਂ ਜੋ ਜਿਹੜੇ ਲੋਕ ਹਾਲੇ ਬਚਾਏ ਨਹੀਂ ਗਏ ਉਨ੍ਹਾਂ ਨੂੰ ਉਨ੍ਹਾਂ ਉੱਤੇ ਗ਼ਲਤ ਵਿਹਾਰ ਦਾ ਦੋਸ਼ ਲਗਾਉਣ ਦਾ ਮੌਕਾ ਨਾ ਮਿਲੇ। ਇਹ ਵੀ ਦੇਖੋ ਕਿ ਸਾਡੇ ਹੱਥਾਂ ਨਾਲ ਕੰਮ ਕਰਨ ਦਾ ਸੰਬੰਧ ਕਿਸੇ ਵੀ ਤਰ੍ਹਾਂ ਦੀ ਕਮੀ ਨਾ ਹੋਣ ਜਾਂ ਸਾਡੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਹੋਣ ਨਾਲ ਵੀ ਹੈ। ਕਈ ਲੋਕ ਘਰ ਵਿੱਚ ਹੀ ਰਹਿ ਕੇ "ਪਰਮੇਸ਼ੁਰ ਦੀ ਉਡੀਕ" ਕਰਦੇ ਹਨ ਕਿ ਉਹ ਉਨ੍ਹਾਂ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰੇਗਾ। ਇਹ ਸੱਚ ਹੈ ਕਿ ਪਰਮੇਸ਼ੁਰ ਨੇ ਸਾਡੇ ਨਾਲ ਵਾਇਦਾ ਕੀਤਾ ਹੈ, ਕਿ *"ਉਹ ਆਪਣੀ ਮਹਿਮਾ ਦੇ ਧਨ ਦੇ ਅਨੁਸਾਰ ਸਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰੇਗਾ"* (ਫ਼ਿਲਿੱਪੀਆਂ 4:19)। ਪਰ ਇਹ ਵੀ ਸੱਚ ਹੈ ਕਿ ਪਰਮੇਸ਼ੁਰ ਨੇ ਆਪਣੇ ਵਚਨ ਵਿੱਚ ਸਾਨੂੰ ਕੰਮ ਕਰਨ ਦਾ ਹੁਕਮ ਦਿੱਤਾ ਹੈ, ਕਿ ਅਸੀਂ ਕੰਮ ਕਰੀਏ, ਜੋ ਇਹ ਦਰਸਾਉਂਦਾ ਹੈ ਕਿ ਪਰਮੇਸ਼ੁਰ ਸਾਡੇ ਕੰਮ ਨੂੰ ਇੱਕ ਸਾਧਨ ਦੇ ਰੂਪ ਵਿੱਚ ਇਸਤੇਮਾਲ ਕਰੇਗਾ ਜਿਸ ਦੁਆਰਾ ਉਹ ਸਾਡੀਆਂ ਜ਼ਰੂਰਤਾਂ ਪੂਰੀਆਂ ਕਰੇਗਾ। ਸਾਡੇ ਕੰਮ ਦੇ ਦੁਆਰਾ ਪਰਮੇਸ਼ੁਰ ਦਾ ਸਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਓਨਾ ਹੀ ਅਲੌਕਿਕ ਹੈ ਜਿੰਨਾ ਇੱਕ ਕਾਂ ਦਾ ਨੋਟਾਂ ਦੀ ਗੱਠੀ ਲਿਆਉਣਾ! ਇਹ ਅਸਧਾਰਨ ਨਹੀਂ ਹੋਵੇਗਾ, ਪਰ ਇਹ ਨਿਸ਼ਚਿਤ ਤੌਰ 'ਤੇ ਅਲੌਕਿਕ ਹੈ, ਕਿਉਂਕਿ ਇਹ ਉਹ ਪਰਮੇਸ਼ੁਰ ਹੈ ਜੋ ਸਾਡੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ। ਯਾਦ ਰੱਖੋ ਕਿ ਆਪਣੇ ਪੇਸ਼ੇ ਦੌਰਾਨ ਨੌਕਰੀ ਪ੍ਰਾਪਤ ਕਰਨ, ਇਸ ਨੂੰ ਬਣਾ ਕੇ ਰੱਖਣ ਅਤੇ ਆਪਣੇ ਪੇਸ਼ੇ ਦੌਰਾਨ ਤਨਖਾਹ ਵਿੱਚ ਵਾਧਾ ਪ੍ਰਾਪਤ ਕਰਨ ਦੇ ਲਈ ਪਰਮੇਸ਼ੁਰ ਦੀ ਕਿਰਪਾ ਅਤੇ ਰੱਬੀ ਉਦੇਸ਼ ਦੀ ਲੋੜ ਹੁੰਦੀ ਹੈ।

ਕੁਝ ਲੋਕ "ਅਲੌਕਿਕ" ਸਾਧਨਾਂ ਰਾਹੀਂ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਪਰਮੇਸ਼ੁਰ ਦੀ ਉਡੀਕ ਕਰ ਰਹੇ ਹਨ, ਜਿਵੇਂ ਕਿ ਲੋਕ ਉਨ੍ਹਾਂ ਦੇ ਹੱਥਾਂ ਵਿੱਚ ਪੈਸੇ ਰੱਖ ਕੇ ਜਾਣ ਜਾਂ ਡਾਕ ਦੁਆਰਾ ਉਨ੍ਹਾਂ ਨੂੰ ਚੈੱਕ ਮਿਲੇ। ਜਦੋਂ ਉਹ ਅਜਿਹਾ ਹੁੰਦਾ ਨਹੀਂ ਦੇਖਦੇ, ਤਾਂ ਉਹ ਸੋਚਦੇ ਹਨ ਕਿ ਪਰਮੇਸ਼ੁਰ ਉਨ੍ਹਾਂ ਨੂੰ ਇਹ ਨਹੀਂ ਦੇ ਰਿਹਾ। ਪਰ ਪਰਮੇਸ਼ੁਰ ਅਜਿਹੇ ਲੋਕਾਂ ਦੀ ਉਡੀਕ ਕਰਦਾ ਹੈ ਕਿ ਉਹ ਉਸ ਸਾਧਨ ਨੂੰ ਅਪਣਾਉਣ ਜਿਨ੍ਹਾਂ ਦੁਆਰਾ ਪਰਮੇਸ਼ੁਰ ਉਨ੍ਹਾਂ ਦੀ ਪੂਰਤੀ ਕਰੇਗਾ। ਕੁਝ ਮਾਮਲਿਆਂ ਵਿੱਚ, ਪਰਮੇਸ਼ੁਰ ਉਨ੍ਹਾਂ ਦੀ ਉਡੀਕ ਕਰਦਾ ਹੈ ਕਿ ਨੌਕਰੀ ਕਰਨ

ਅਤੇ ਕੁਝ ਸਮੇਂ ਤੱਕ ਨੌਕਰੀ ਵਿੱਚ ਬਣੇ ਰਹਿਣਾ ਹੈ। ਇਹ ਨੌਕਰੀ ਉਨ੍ਹਾਂ ਦੇ ਜੀਵਨਾਂ ਦੇ ਲਈ ਪਰਮੇਸ਼ੁਰ ਦੀ ਯੋਜਨਾ ਦਾ ਜ਼ਰੀਆ ਹੈ।

## ਜੇ ਤੁਸੀਂ ਕੰਮ ਨਹੀਂ ਕਰਦੇ, ਤਾਂ ਨਾ ਖਾਓ!

**2 ਥੱਸਲੁਨੀਕੀਆ 3:7-12**

**7 ਤੁਸੀਂ ਆਪ ਤਾਂ ਜਾਣਦੇ ਹੋ ਭਈ ਤੁਹਾਨੂੰ ਕਿਸ ਤਰਾਂ ਸਾਡੀ ਰੀਸ ਕਰਨੀ ਚਾਹੀਦੀ ਹੈ ਕਿਉਂ ਜੋ ਅਸੀਂ ਤੁਹਾਡੇ ਵਿੱਚ ਕਸੂਤੇ ਨਾ ਚੱਲੇ।**
**8 ਨਾ ਕਿਸੇ ਕੋਲੋਂ ਮੁਖਤ ਰੋਟੀ ਖਾਧੀ ਸਗੋਂ ਮਿਹਨਤ ਪੋਰਿਆ ਨਾਲ ਰਾਤ ਦਿਨ ਕੰਮ ਧੰਦਾ ਕਰਦੇ ਸਾਂ ਭਈ ਤੁਹਾਡੇ ਵਿੱਚੋਂ ਕਿਸੇ ਉੱਤੇ ਭਾਰੂ ਨਾ ਹੋਈਏ।**
**9 ਨਾ ਇਸ ਕਰਕੇ ਜੋ ਸਾਨੂੰ ਇਖ਼ਤਿਆਰ ਨਹੀਂ ਸੀ ਪਰ ਇਸ ਲਈ ਜੋ ਅਸੀਂ ਆਪਣੇ ਆਪ ਨੂੰ ਤੁਹਾਡੇ ਲਈ ਨਮੂਨਾ ਕਰ ਵਿਖਾਈਏ ਭਈ ਤੁਸੀਂ ਸਾਡੀ ਰੀਸ ਕਰੋ।**
**10 ਕਿਉਂਕਿ ਜਦ ਅਸੀਂ ਤੁਹਾਡੇ ਕੋਲ ਸਾਂ ਤਦ ਵੀ ਤੁਹਾਨੂੰ ਇਹ ਹੁਕਮ ਦਿੱਤਾ ਸੀ ਭਈ ਜੋ ਕੋਈ ਕੰਮ ਧੰਦਾ ਕਰਨੋਂ ਨੱਕ ਵੱਟਦਾ ਹੈ ਤਾਂ ਰੋਟੀ ਵੀ ਨਾ ਖਾਵੇ।**
**11 ਕਿਉਂ ਜੋ ਅਸੀਂ ਸੁਣਦੇ ਹਾਂ ਭਈ ਕਈਕੁ ਤੁਹਾਡੇ ਵਿੱਚੋਂ ਕਸੂਤੇ ਚੱਲਦੇ ਅਤੇ ਕੁਝ ਕੰਮ ਧੰਦਾ ਨਹੀਂ ਕਰਦੇ ਸਗੋਂ ਪਰਾਏ ਕੰਮ ਧੰਦਾ ਨਹੀਂ ਕਰਦੇ ਸਗੋਂ ਪਰਾਏ ਕੰਮ ਵਿੱਚ ਲੱਤ ਅੜਾਉਂਦੇ ਹਨ।**
**12 ਹੁਣ ਅਸੀਂ ਪ੍ਰਭੂ ਯਿਸੂ ਮਸੀਹ ਵਿੱਚ ਏਹੋ ਜੇਹਿਆਂ ਨੂੰ ਹੁਕਮ ਦਿੰਦੇ ਅਤੇ ਤਗੀਦ ਕਰਦੇ ਹਾਂ ਜੋ ਓਹ ਚੁਪ ਚਾਪ ਕੰਮ ਧੰਦਾ ਕਰ ਕੇ ਆਪਣੀ ਰੋਟੀ ਖਾਇਆ ਕਰਨ।**

ਨਵਾਂ ਨੇਮ ਸਾਨੂੰ ਆਗਿਆ ਦਿੰਦਾ ਹੈ ਕਿ ਅਸੀਂ ਕਸੂਤੇ ਨਾ ਚੱਲਣ ਦੀ ਬਜਾਇ, ਬਿਨ੍ਹਾਂ ਕਿਸੇ ਕੰਮ ਨੂੰ ਕੀਤੇ ਦੂਸਰਿਆਂ ਦੇ ਭਰੋਸੇ ਜੀਵਨ ਚਲਾਉਣ ਦੀ ਬਜਾਇ, ਸ਼ਾਤੀ ਦੇ ਨਾਲ ਆਪਣਾ ਕੰਮ ਕਰੀਏ ਅਤੇ ਆਪਣੀ ਰੋਟੀ ਖਾਈਏ। ਕੰਮ ਵਿਸ਼ਵਾਸੀਆਂ ਦੇ ਲਈ ਨਵੇਂ ਨੇਮ ਦਾ ਇੱਕ ਹੁਕਮ ਹੈ।

## ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ

**1 ਤਿਮੋਥਿਉਸ 5:8**

**ਪਰ ਜੇ ਕੋਈ ਆਪਣਿਆਂ ਲਈ ਅਤੇ ਖਾਸ ਕਰਕੇ ਆਪਣੇ ਘਰਾਣੇ ਲਈ ਅੱਗੋਂ ਹੀ ਤਰੱਦਦ ਨਹੀਂ ਕਰਦਾ ਤਾਂ ਉਹ ਨਿਹਚਾ ਤੋਂ ਬੇਮੁੱਖ ਹੋਇਆ ਅਤੇ ਬੇਪਰਤੀਤੇ ਨਾਲੋਂ ਵੀ ਬੁਰਾ ਹੈ।**

ਮੈਂ ਉਨ੍ਹਾਂ ਨੂੰ ਚੁਣੌਤੀ ਦਿੰਦਾ ਹਾਂ ਜਿਨ੍ਹਾਂ ਨੂੰ ਪੂਰੇ ਸਮੇਂ ਦੀ ਸੇਵਾ ਲਈ ਬੁਲਾਇਆ ਗਿਆ ਹੈ। ਸੇਵਕੋ, ਤੁਹਾਨੂੰ ਕੁਝ ਗੱਲਾਂ ਧਿਆਨ ਵਿੱਚ ਰੱਖਣੀਆਂ ਪੈਣਗੀਆਂ; ਪਰਮੇਸ਼ੁਰ ਨੇ ਆਪਣੇ ਵਚਨ ਵਿੱਚ ਤੁਹਾਨੂੰ ਕੁਝ ਜ਼ਿੰਮੇਵਾਰੀਆਂ ਦਿੱਤੀਆਂ ਹਨ, ਜੋ ਪੂਰੀਆਂ ਕਰਨੀਆਂ ਹਨ। ਇਨ੍ਹਾਂ ਵਿੱਚੋਂ ਇੱਕ ਆਪਣੇ ਘਰ ਦੀ ਦੇਖਭਾਲ ਕਰਨਾ। ਬਹੁਤ ਸਾਰੇ ਆਦਮੀਆਂ ਅਤੇ ਔਰਤਾਂ ਨੇ ਕਾਹਲੀ ਨਾਲ

ਆਪਣੀਆਂ ਨੌਕਰੀਆਂ ਛੱਡ ਦਿੱਤੀਆਂ ਅਤੇ ਵਿਸ਼ਵਾਸ ਨਾਲ ਜੀਵਨ ਜੀਉਣ ਦਾ ਦਾਅਵਾ ਕਰਨ ਲੱਗੇ। ਵਿਸ਼ਵਾਸ ਨਾਲ ਜੀਉਣ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਆਪਣੀ ਨੌਕਰੀ ਛੱਡ ਦਿਓ। ਨੌਕਰੀ ਵਿੱਚ ਬਣੇ ਰਹਿਣ ਦੇ ਲਈ ਵਿਸ਼ਵਾਸ ਦੀ ਜ਼ਰੂਰਤ ਹੁੰਦੀ ਹੈ। ਕਈ ਵਾਰ ਲੋਕ ਆਪਣੀ ਨੌਕਰੀ ਛੱਡ ਦਿੰਦੇ ਹਨ, ਸੇਵਕਾਈ ਵਿੱਚ ਜਾਂਦੇ ਹਨ ਅਤੇ ਫਿਰ ਆਪਣੇ ਪਰਿਵਾਰ ਦੇ ਮੈਂਬਰਾਂ ਦਾ ਪੇਟ ਭਰਨ ਲਈ ਜੱਦੋ-ਜਹਿਦ ਕਰਦੇ ਹਨ। ਮੈਂ ਕੁਝ ਔਖੇ ਸਮਿਆਂ ਦੀ ਗੱਲ ਨਹੀਂ ਕਰ ਰਿਹਾ, ਕਿਉਂਕਿ ਸਾਨੂੰ ਸਾਰਿਆਂ ਨੂੰ ਇਨ੍ਹਾਂ ਵਿੱਚੋਂ ਲੰਘਣਾ ਪੈਂਦਾ ਹੈ। ਪਰ, ਜੇਕਰ ਤੁਸੀਂ ਆਪਣੇ ਪਰਿਵਾਰ ਦੀਆਂ—ਰੋਜ਼ਾਨਾ ਅਤੇ ਮਹੀਨਾਵਾਰ ਲੋੜਾਂ ਪੂਰੀਆਂ ਨਹੀਂ ਕਰੋਗੇ ਕਿਉਂਕਿ ਤੁਸੀਂ ਪੂਰੇ ਸਮੇਂ ਦੀ ਸੇਵਾ ਵਿੱਚ ਹੋ, ਤਾਂ ਤੁਹਾਨੂੰ ਉਦੋਂ ਤੱਕ ਨੌਕਰੀ ਪ੍ਰਾਪਤ ਕਰਨ ਬਾਰੇ ਵਿਚਾਰ ਕਰਨ ਦੀ ਲੋੜ ਹੋਵੇਗੀ ਜਦੋਂ ਤੱਕ ਤੁਹਾਡੀ ਸੇਵਕਾਈ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਦੀ ਹਾਲਤ ਵਿੱਚ ਨਹੀਂ ਹੈ। ਇਸ ਲਈ, ਪੂਰਣ—ਕਾਲੀ ਸੇਵਕਾਈ ਵਿੱਚ ਕਦਮ ਰੱਖਣ ਤੋਂ ਪਹਿਲਾਂ, ਯਕੀਨੀ ਬਣਾਓ ਕਿ ਤੁਸੀਂ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਆਰਥਿਕ ਲੋੜਾਂ ਦਾ ਧਿਆਨ ਰੱਖ ਸਕਦੇ ਹੋ। ਜੇ ਤੁਸੀਂ ਆਪਣੀ ਪਤਨੀ ਅਤੇ ਬੱਚਿਆਂ ਦੀ ਦੇਖਭਾਲ ਕਰਨ ਲਈ ਤਿਆਰ ਨਹੀਂ ਹੋ, ਤਾਂ ਵਿਆਹ ਨਾ ਕਰੋ। ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਆਪਣੇ ਪਰਿਵਾਰ ਲਈ ਜ਼ਿੰਮੇਵਾਰ ਬਣੋ।

## ਮੇਰੀ ਗਵਾਹੀ

ਬੰਗਲੋਰ ਵਿੱਚ ਆਪਣੇ ਸਕੂਲ ਦੇ ਸ਼ੁਰੂਆਤੀ ਦਿਨਾਂ ਦੌਰਾਨ, ਮੇਰੇ ਮਨ ਵਿੱਚ ਸੇਵਕਾਈ ਲਈ ਬਹੁਤ ਉਤਸ਼ਾਹ ਸੀ। ਮੈਂ ਪ੍ਰਾਰਥਨਾ ਕੀਤੀ ਕਿ ਮੈਂ ਆਪਣੀ 10ਵੀਂ ਜਮਾਤ ਪੂਰੀ ਕਰਦੇ ਹੀ ਪੂਰੇ ਸਮੇਂ ਦੀ ਸੇਵਾ ਕਰਨ ਦੇ ਯੋਗ ਹੋ ਜਾਵਾਂ। ਅਜਿਹਾ ਕਰਨ ਤੋਂ ਬਾਅਦ, ਮੈਂ ਆਪਣੇ ਮਾਤਾ-ਪਿਤਾ ਨੂੰ ਬਹੁਤ ਮੁਸ਼ਕਲਾਂ ਵਿੱਚ ਪਾ ਦਿੱਤਾ ਅਤੇ ਇਸ ਗੱਲ ‘ਤੇ ਜ਼ੋਰ ਦਿੰਦਾ ਰਿਹਾ ਕਿ ਮੈਂ ਆਪਣੀ ਦੁਨਿਆਵੀ ਪੜ੍ਹਾਈ ਲਿਖਾਈ ਨੂੰ ਪੂਰਾ ਨਹੀਂ ਕਰਨਾ ਚਾਹੁੰਦਾ ਅਤੇ ਬਾਈਬਲ ਸੈਮੀਨਰੀ ਜਾਣਾ ਚਾਹੁੰਦਾ ਸੀ। ਇਸ ਲਈ ਮੈਂ ਭਾਰਤ ਵਿੱਚ ਬਾਈਬਲ ਕਾਲਜਾਂ ਬਾਰੇ ਪੁੱਛ ਗਿੱਛ ਕੀਤੀ ਅਤੇ ਪੂਨਾ ਦੇ ਬਾਈਬਲ ਕਾਲਜ ਨੂੰ ਚਿੱਠੀ ਭੇਜੀ। ਉਨ੍ਹਾਂ ਨੇ ਚਿੱਠੀ ਵਾਪਸ ਭੇਜ ਦਿੱਤੀ ਕਿ ਮੇਰੀ ਉਮਰ ਘੱਟ ਹੈ ਅਤੇ ਬਾਈਬਲ ਕਾਲਜ ਵਿੱਚ ਦਾਖ਼ਲੇ ਲਈ ਘੱਟੋ-ਘੱਟ ਯੋਗਤਾ 12 ਜਮਾਤ ਹੈ। ਮੈਂ ਉਹ ਚਿੱਠੀ ਮਿਲਣ ਤੋਂ ਬਾਅਦ ਨਿਰਾਸ਼ ਹੋ ਗਿਆ। ਮੈਂ ਦੁਨਿਆਵੀ ਪੜ੍ਹਾਈ ਲਿਖਾਈ ਦੇ ਸਿਰਫ਼ ਦੋ ਸਾਲ ਮੈਂ ਪੂਰੇ ਕਰਨੇ ਸਨ, ਇਸ ਲਈ ਲੋੜੀਂਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਮੈਂ ਸੈਮੀਨਰੀ ਵਿੱਚ

ਦਾਖ਼ਲਾ ਲੈਣ ਦਾ ਫ਼ੈਸਲਾ ਕੀਤਾ।

ਪਰ, ਅਗਲੇ ਦੋ ਸਾਲਾਂ ਵਿੱਚ ਮੇਰੇ ਨਾਲ ਕੁਝ ਵਾਪਰਿਆ। ਮੈਂ ਬੰਗਲੌਰ ਵਿੱਚ ਕਿਸੇ ਕਲੀਸੀਆ ਵਿੱਚ ਜਾਂਦਾ ਸੀ ਅਤੇ ਮੈਂ ਉੱਥੇ ਕੁਝ ਦੇਖਿਆ। ਮੈਂ ਦੋ ਤਰ੍ਹਾਂ ਦੇ ਲੋਕਾਂ ਨੂੰ ਦੇਖਿਆ—ਇੱਕ ਸਮੂਹ ਜੋ ਕਲੀਸੀਆ ਵਿੱਚ ਵੱਖ-ਵੱਖ ਤਰੀਕਿਆਂ ਨਾਲ ਸੇਵਾ ਕਰਦਾ ਅਤੇ ਕੰਮ ਕਰਦਾ ਸੀ ਅਤੇ ਦੂਸਰੇ ਸਮੂਹ ਦੇ ਲੋਕ, ਬਹੁਗਿਣਤੀ ਵਿੱਚ ਸਨ ਅਤੇ ਕੁਝ ਨਹੀਂ ਕਰਦੇ ਸਨ। ਦੂਜੀ ਸ਼੍ਰੇਣੀ ਵਿੱਚ ਜ਼ਿਆਦਾਤਰ ਵਿਦਿਆਰਥੀ ਅਤੇ ਪੇਸ਼ੇਵਰ ਸ਼ਾਮਲ ਲੋਕ ਸਨ ਜੋ ਆਪਣੀਆਂ ਨੌਕਰੀਆਂ ਵਿੱਚ ਰੁਝੇ ਹੋਣ ਦਾ ਬਹਾਨਾ ਬਣਾ ਕੇ ਹਰ ਤਰ੍ਹਾਂ ਦੀ ਸੇਵਕਾਈ ਤੋਂ ਦੂਰ ਚਲੇ ਗਏ। ਮੈਂ ਹੈਰਾਨ ਹੋਣ ਲੱਗਾ ਕਿ ਜ਼ਿਆਦਾਤਰ “ਆਮ ਲੋਕ” ਕਦੇ ਵੀ ਸੇਵਕਾਈ ਵਿੱਚ ਕਿਉਂ ਨਹੀਂ ਸ਼ਾਮਲ ਹੁੰਦੇ। ਇਸ ਸਮੇਂ ਦੌਰਾਨ ਮੈਂ ਆਪਣੇ ਮਨ ਵਿੱਚ ਇੱਕ ਫ਼ੈਸਲਾ ਲਿਆ ਕਿ ਮੈਂ ਆਪਣੇ ਜੀਵਨ ਰਾਹੀਂ ਲੋਕਾਂ ਨੂੰ ਦਿਖਾਵਾਂਗਾ ਕਿ ਕੋਈ ਵਿਅਕਤੀ ਨੌਕਰੀ, ਕਾਰੋਬਾਰ ਅਤੇ “ਆਮ ਜੀਵਨ” ਜੀਉਂਦੇ ਹੋਏ ਵੀ ਪਰਮੇਸ਼ੁਰ ਦੀ ਸੇਵਾ ਕਰ ਸਕਦਾ ਹੈ। ਇਸ ਲਈ ਜਦੋਂ ਮੈਂ ਆਪਣੀ 12ਵੀਂ ਜਮਾਤ ਪੂਰੀ ਕੀਤੀ, ਮੇਰੀ ਸੈਮੀਨਰੀ ਜਾਣ ਦੀ ਇੱਛਾ ਖ਼ਤਮ ਹੋ ਗਈ ਅਤੇ ਇਸ ਦੀ ਬਜਾਇ, ਮੇਰੇ ਕੋਲ ਇਸ ਬਾਰੇ ਇੱਕ ਨਵੀਂ ਭਾਵਨਾ ਸੀ ਕਿ ਮੈਂ ਜ਼ਿੰਦਗੀ ਵਿੱਚ ਕੀ ਕਰਨਾ ਚਾਹੁੰਦਾ ਸੀ।

ਇਸ ਸਮੇਂ ਦੌਰਾਨ, ਪਰਮੇਸ਼ੁਰ ਨੇ ਮੇਰੇ ਦਿਲ ਵਿੱਚ ਇਹ ਇੱਛਾ ਪੈਦਾ ਕੀਤੀ ਕਿ ਮੈਂ ਬੰਗਲੌਰ ਸ਼ਹਿਰ ਵਿੱਚ ਇੱਕ ਮਜ਼ਬੂਤ ਕਲੀਸੀਆ ਸਥਾਪਤ ਕਰਾਂ ਅਤੇ ਇਸ ਤਰ੍ਹਾਂ ਪੂਰੇ ਭਾਰਤ ਦੇਸ਼ ਵਿੱਚ ਪਹੁੰਚ ਕੇ ਸੰਸਾਰ ਦੇ ਦੇਸ਼ਾਂ ਨੂੰ ਪ੍ਰਭਾਵਿਤ ਕਰਾਂ। ਇਸ ਲਈ ਮੈਂ ਸਕੂਲ ਵਿੱਚ 12ਵੀਂ ਜਮਾਤ ਪੂਰੀ ਕੀਤੀ ਅਤੇ ਉਸ ਤੋਂ ਬਾਅਦ ਮੇਰੇ ਮਾਤਾ-ਪਿਤਾ ਨੇ ਮੈਨੂੰ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਲਈ ਮਨੀਪਾਲ ਭੇਜ ਦਿੱਤਾ। ਹੁਣ ਤੱਕ ਮੈਂ ਆਪਣੀ ਪੜ੍ਹਾਈ ਨੂੰ ਬੋਝ ਸਮਝਣਾ ਬੰਦ ਕਰ ਦਿੱਤਾ ਸੀ ਅਤੇ ਇਹ ਸਮਝਣ ਲੱਗ ਪਿਆ ਸੀ ਕਿ ਮੇਰੀ ਸਿੱਖਿਆ ਮੇਰੀ ਰੱਬੀ ਯੋਜਨਾ ਦਾ ਹਿੱਸਾ ਹੈ। ਮੇਰੀ ਸਿੱਖਿਆ ਦੇ ਕਾਰਨ, ਮੈਂ ਆਪਣੇ ਆਪ ਨੂੰ ਅਜਿਹੇ ਹਲਾਤ ਵਿੱਚ ਦੇਖਿਆ ਜਿੱਥੇ ਮੈਂ ਪਰਮੇਸ਼ੁਰ ਦੇ ਰਾਜ ਲਈ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਕਰ ਸਕਦਾ ਸੀ।

ਮਨੀਪਾਲ ਦੇ ਕਾਲਜ ਨਿਵਾਸ ਵਿੱਚ, ਮੈਂ ਦੇਸ਼ ਭਰ ਅਤੇ ਸੰਸਾਰ ਦੇ ਦੂਸਰੇ ਹਿੱਸਿਆਂ ਤੋਂ ਸੈਂਕੜੇ ਵਿਦਿਆਰਥੀਆਂ ਨੂੰ ਦੇਖਿਆ। ਮੇਰੇ ਉੱਥੇ ਪੜ੍ਹਾਈ ਕਰਨ ਦੇ

ਪਿੱਛੇ ਇੱਕ ਆਤਮਿਕ ਉਦੇਸ਼ ਸੀ।

ਉੱਥੇ ਹੀ ਮੇਰੇ ਦਿਲ ਵਿੱਚ ਪਰਮੇਸ਼ੁਰ ਦੀ ਸੇਵਾ ਕਰਨ ਅਤੇ ਰੂਹਾਂ ਨੂੰ ਜਿੱਤਣ ਦੀ ਇੱਛਾ ਪੈਦਾ ਹੋਈ ਸੀ। ਜਨਵਰੀ 1989 ਵਿੱਚ, ਮੇਰੇ ਇੰਜੀਨੀਅਰਿੰਗ ਦੇ ਤੀਜੇ ਸਾਲ ਦੌਰਾਨ, ਪਰਮੇਸ਼ੁਰ ਨੇ ਮੈਨੂੰ ਉੱਥੇ ਵਿਦਿਆਰਥੀਆਂ ਨਾਲ ਸੰਗਤੀ ਕਰਨ ਲਈ ਅਗਵਾਈ ਕੀਤੀ ਜੋ ਬਾਅਦ ਵਿੱਚ ਇੱਕ ਸਥਾਨਕ ਕਲੀਸਿਆ ਵਿੱਚ ਬਦਲ ਗਈ ਅਤੇ ਅੱਜ ਤੱਕ ਜਾਰੀ ਹੈ। ਮੈਂ ਹੁਣ ਆਪਣੀ ਸਿੱਖਿਆ ਨੂੰ ਬੋਝ, ਬੁਰਾਈ ਜਾਂ ਬੰਧਨ ਵਜੋਂ ਨਹੀਂ ਦੇਖਿਆ। ਮੈਂ ਉਸ ਨੂੰ ਆਪਣੀ ਭਵਿੱਖ ਦੀ ਸੇਵਾ ਲਈ ਇੱਕ ਰੱਬੀ ਯੋਜਨਾ, ਇੱਕ ਸਾਧਨ ਅਤੇ ਤਿਆਰੀ ਦੀ ਪ੍ਰਕਿਰਿਆ ਵਜੋਂ ਸਮਝਿਆ। ਇੰਜੀਨੀਅਰਿੰਗ ਵਿੱਚ ਬੈਚਲਰ ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ, ਮੈਂ ਆਪਣੀ ਪੜ੍ਹਾਈ ਜਾਰੀ ਰੱਖਣ ਦਾ ਫ਼ੈਸਲਾ ਕੀਤਾ। ਮੇਰੇ ਮਾਤਾ-ਪਿਤਾ ਨੇ ਉੱਚ-ਸਿੱਖਿਆ ਲਈ ਅਮਰੀਕਾ ਜਾਣ ਵਿੱਚ ਮੇਰੀ ਮਦਦ ਕੀਤੀ। ਓਹਾਈਓ ਦੇ ਕਲੀਵਲੈਂਡ ਯੂਨੀਵਰਸਿਟੀ ਦਾ ਇੰਜਨੀਅਰਿੰਗ ਵਿਭਾਗ ਜਿੱਥੇ ਮੈਂ ਦਾਖ਼ਲਾ ਲਿਆ ਸੀ, ਸੰਯੁਕਤ ਰਾਜ ਵਿੱਚ ਤਿੰਨ ਸਭ ਤੋਂ ਉੱਤਮ ਵਧੀਆ ਵਿਭਾਗਾਂ ਵਿੱਚੋਂ ਇੱਕ ਸੀ। ਪਰਮੇਸ਼ੁਰ ਦੀ ਕਿਰਪਾ ਨਾਲ ਦੂਜੇ ਸਮੈਸਟਰ ਵਿੱਚ ਦੋ ਤਿਹਾਈ ਵਿੱਤੀ ਸਹਾਇਤਾ ਅਤੇ ਤੀਜੇ ਸਮੈਸਟਰ ਵਿੱਚ ਪੂਰੀ ਵਿੱਤੀ ਸਹਾਇਤਾ ਮਿਲੀ।

ਯੂਨੀਵਰਸਿਟੀ ਵਿੱਚ ਪੜ੍ਹਦਿਆਂ ਅਤੇ ਖੋਜ ਦੌਰਾਨ ਮੈਂ ਭਾਰਤ, ਇੰਡੋਨੇਸ਼ੀਆ ਅਤੇ ਮਲੇਸ਼ੀਆ ਦੇ ਵਿਦਿਆਰਥੀਆਂ ਨਾਲ ਇੱਕ ਛੋਟੀ ਅੰਤਰ ਰਾਸ਼ਟਰੀ ਵਿਦਿਆਰਥੀ ਸੰਗਤੀ ਸ਼ੁਰੂ ਕੀਤੀ। ਮੈਂ ਫਿਰ ਨਿਊ ਜਰਸੀ ਚਲਾ ਗਿਆ ਅਤੇ ਕੋਰੀਅਨ ਕ੍ਰਿਸ਼ਚੀਅਨ ਫੈਲੋਸ਼ਿਪ ਨਾਲ ਜੁੜ ਗਿਆ ਜਿਸ ਵਿੱਚ 200 ਮਸੀਹੀ ਵਿਦਿਆਰਥੀ ਸਨ। ਕੋਰੀਆਈ ਵਿਦਿਆਰਥੀਆਂ ਜਿਸ ਉਤਸ਼ਾਹ ਨਾਲ ਪ੍ਰਾਰਥਨਾ ਕਰਦੇ ਸਨ, ਉਸ ਨੂੰ ਦੇਖ ਕੇ ਬਹੁਤ ਹੈਰਾਨੀ ਹੁੰਦੀ ਸੀ।

ਇਸ ਸਮੇਂ ਦੌਰਾਨ, ਮੈਂ ਯੂਨੀਵਰਸਿਟੀ ਦੇ ਨਿਵਾਸ ਸਥਾਨਾਂ ਵਿੱਚ ਸਥਿਤ ਇੱਕ ਅਫ਼ਰੀਕਨ ਅਮਰੀਕਨ ਕਲੀਸੀਆ ਵਿੱਚ ਬਕਾਇਦਾ ਸੇਵਕਾਈ ਕਰਨ ਲੱਗਾ। ਇੱਕ ਸਾਲ ਤੋਂ ਵੱਧ ਸਮੇਂ ਤੱਕ ਮੈਂ ਇਸ ਅਫਰੀਕਨ-ਅਮਰੀਕਨ ਕਲੀਸੀਆ ਨੂੰ ਹਰ ਬੁੱਧਵਾਰ ਰਾਤ ਨੂੰ ਸਿੱਖਿਆ ਦਿੰਦਾ ਅਤੇ ਉਨ੍ਹਾਂ ਦੀਆਂ ਐਤਵਾਰ ਦੀਆਂ ਬੰਦਗੀਆਂ ਵਿੱਚ ਅਤੇ ਸਮੇਂ-ਸਮੇਂ ਤੇ ਤੰਬੂ ਸਭਾਵਾਂ ਵਿੱਚ ਪ੍ਰਚਾਰ ਕਰਦਾ ਸੀ।

ਵਿਆਹ ਤੋਂ ਬਾਅਦ ਐਮੀ ਵੀ ਮੇਰੇ ਨਾਲ ਭਾਰਤ ਤੋਂ ਆਈ ਅਤੇ ਮੈਂ

ਯੂਨੀਵਰਸਿਟੀ ਛੱਡ ਦਿੱਤੀ ਅਤੇ ਸਾਫਟਵੇਅਰ ਕਾਰੋਬਾਰ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਦੌਰਾਨ, ਐਮੀ ਅਤੇ ਮੈਂ ਇੱਕ ਹੋਰ ਨੌਜਵਾਨ ਹਿਸਪੈਨਿਕ ਜੋੜੇ ਨਾਲ ਕੰਮ ਕਰਨਾ ਸ਼ੁਰੂ ਕੀਤਾ ਅਤੇ ਅਸੀਂ ਨਿਊ ਬਰਨਸਵਿਕ, ਨਿਊ ਜਰਸੀ ਵਿੱਚ ਇੱਕ ਹਿਸਪੈਨਿਕ ਕਲੀਸੀਆ ਬਣਾਈ। ਵੱਖ-ਵੱਖ ਦੇਸ਼ਾਂ ਅਤੇ ਸੱਭਿਆਚਾਰਾਂ ਦੇ ਲੋਕਾਂ ਨਾਲ ਕੰਮ ਕਰਨਾ ਬਹੁਤ ਵਧੀਆ ਤਜ਼ੁਰਬਾ ਸੀ। ਇਹ ਭਵਿੱਖ ਦੀ ਸੇਵਾ ਲਈ ਸਿਖਲਾਈ ਸੀ, ਜੋ ਇਸ ਲਈ ਸੰਭਵ ਹੋ ਸਕਿਆ ਕਿਉਂਕਿ ਮੈਂ ਆਪਣੀ ਗ੍ਰੈਜੂਏਸ਼ਨ ਦੀ ਪੜ੍ਹਾਈ ਲਈ ਯੂ ਐੱਸ. ਏ. ਗਿਆ।

1998 ਵਿੱਚ ਅਸੀਂ ਨਿਊ ਜਰਸੀ ਤੋਂ ਸ਼ਿਕਾਗੋ ਚਲੇ ਗਏ। 1999 ਵਿੱਚ, ਭਾਰਤ ਦੀ ਇੱਕ ਸੇਵਾ ਯਾਤਰਾ ਦੌਰਾਨ, ਮੈਨੂੰ ਅਜਿਹਾ ਮਹਿਸੂਸ ਹੋਇਆ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਭਾਰਤ ਪਰਤ ਕੇ ਆਪਣੇ ਦਰਸ਼ਣ ਨੂੰ ਪੂਰਾ ਕਰੀਏ। ਅਸੀਂ ਜਨਵਰੀ 2001 ਵਿੱਚ ਬੰਗਲੌਰ ਵਾਪਸ ਜਾਣ ਦਾ ਫ਼ੈਸਲਾ ਕੀਤਾ। ਜਦੋਂ ਅਸੀਂ ਬੰਗਲੌਰ ਤੋਂ ਸ਼ਿਕਾਗੋ ਜਾਣ ਦੀ ਤਿਆਰੀ ਕਰ ਰਹੇ ਸੀ, ਸਾਡੀ ਮੁੱਖ ਚਿੰਤਾ ਭਾਰਤ ਵਿੱਚ ਆਪਣੀ ਸੇਵਕਾਈ ਨੂੰ ਸ਼ੁਰੂ ਕਰਨ ਲਈ ਸੰਸਧਾਨਾਂ ਨੂੰ ਵਧਾਉਣਾ ਸੀ। ਅਸੀਂ ਸ਼ਿਕਾਗੋ ਵਿੱਚ ਇੱਕ ਬਹੁਤ ਹੀ ਛੋਟੀ ਕਲੀਸੀਆ ਦਾ ਹਿੱਸਾ ਸੀ। ਉਹ ਯਕੀਨੀ ਤੌਰ ‘ਤੇ ਸਾਨੂੰ ਵੱਡੀਆਂ ਰਕਮਾਂ ਨਹੀਂ ਦੇ ਸਕਦੇ ਸਨ ਜਿਨ੍ਹਾਂ ਦੀ ਸਾਨੂੰ ਸਾਡੇ ਵੱਡੇ ਦਰਸ਼ਣ ਨੂੰ ਹਕੀਕਤ ਬਣਾਉਣ ਲਈ ਲੋੜ ਸੀ। ਜਿਵੇਂ-ਜਿਵੇਂ ਅਸੀਂ ਪ੍ਰਭੂ ਨੂੰ ਪ੍ਰਾਰਥਨਾ ਕਰਦੇ ਰਹੇ, ਮੈਂ ਆਪਣੇ ਦਿਲ ਵਿੱਚ ਸਪੱਸ਼ਟ ਤੌਰ ‘ਤੇ ਮਹਿਸੂਸ ਕੀਤਾ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਮੈਂ ਇੱਥੇ ਵਾਪਸ ਆ ਕੇ ਵੀ ਸਾਫਟਵੇਅਰ ਖੇਤਰ ਵਿੱਚ ਕੰਮ ਕਰਦਾ ਰਹਾਂ। ਮੈਨੂੰ ਆਪਣੇ ਕਾਰੋਬਾਰ ਨੂੰ ਬੰਦ ਕਰਨ ਬਾਰੇ ਪਰਮੇਸ਼ੁਰ ਤੋਂ ਕੋਈ ਹਿਦਾਇਤ ਨਹੀਂ ਮਿਲੀ। ਇਨ੍ਹਾਂ ਸਾਲਾਂ ਦੌਰਾਨ, ਖ਼ਾਸ ਤੌਰ ‘ਤੇ ਅਮਰੀਕਾ ਵਿੱਚ ਸਾਡੇ ਆਖ਼ਰੀ ਦਿਨਾਂ ਵਿੱਚ, ਮੇਰੇ ਮਨ ਵਿੱਚ ਇੱਕ ਅਜਿਹੀ ਕੰਪਨੀ ਸ਼ੁਰੂ ਕਰਨ ਦੀ ਤੀਬਰ ਇੱਛਾ ਹੋਈ ਜਿਸ ਵਿੱਚ ਮਸੀਹੀ ਸਿਧਾਂਤਾਂ ਦੇ ਅਧਾਰ ‘ਤੇ ਇੱਕ ਕਾਰੋਬਾਰ ਚਲਾਇਆ ਜਾਏ ਅਤੇ ਪੈਸੇ ਦੀ ਵਰਤੋਂ ਪਰਮੇਸ਼ੁਰ ਦੇ ਰਾਜ ਲਈ ਕੀਤੀ ਜਾਵੇ। ਲੰਬੇ ਸਮੇਂ ਤੋਂ ਇਹ ਇੱਛਾ ਮੇਰੇ ਮਨ ਵਿੱਚ ਵੱਧ ਰਹੀ ਸੀ, ਪਰ ਮੈਨੂੰ ਪਤਾ ਨਹੀਂ ਸੀ ਕਿ ਇਹ ਕਦੋਂ ਅਤੇ ਕਿਵੇਂ ਕਰਾਂ।

ਆਖ਼ਰਕਾਰ, ਸਾਡੇ ਭਾਰਤ ਆਉਣ ਦਾ ਸਮਾਂ ਆ ਗਿਆ। ਦਸੰਬਰ 2000 ਵਿੱਚ ਅਸੀਂ ਕੌਮਾਂ ਤੱਕ ਖੁਸ਼ਖ਼ਬਰੀ ਨੂੰ ਲੈ ਕੇ ਜਾਣ ਦੇ ਇੱਕ ਮਹਾਨ ਦਰਸ਼ਣ ਨਾਲ ਸੰਯੁਕਤ ਰਾਜ ਅਮਰੀਕਾ ਛੱਡ ਦਿੱਤਾ, ਪਰ ਸਾਨੂੰ ਨਹੀਂ ਪਤਾ ਸੀ ਕਿ ਸੇਵਕਾਈ ਨੂੰ

ਜਾਰੀ ਰੱਖਣ ਲਈ ਲੋੜੀਂਦੀ ਫੰਡ ਕਿੱਥੋਂ ਆਉਣਾ ਸੀ। ਸਾਡੇ ਕੋਲ ਅਮਰੀਕਾ ਵਿੱਚ ਸਾਡੀ ਸੇਵਕਾਈ ਨਾਲ ਜੁੜੇ ਕੁਝ ਲੋਕ ਸਨ ਜੋ ਸਾਡੀ ਮਦਦ ਕਰਦੇ ਸਨ, ਪਰ ਜੋ ਦਾਨ ਅਸੀਂ ਪ੍ਰਾਪਤ ਕਰ ਰਹੇ ਸੀ ਉਹ ਸਾਡੇ ਵੱਡੇ ਦਰਸ਼ਣ ਨੂੰ ਪੂਰਾ ਕਰਨ ਲਈ ਨਿਸ਼ਚਿਤ ਤੌਰ ‘ਤੇ ਕਾਫ਼ੀ ਨਹੀਂ ਸੀ!

ਜਦੋਂ ਅਸੀਂ ਬੰਗਲੌਰ ਆਏ, ਤਾਂ ਪਰਮੇਸ਼ੁਰ ਨੇ ਬਹੁਤ ਪਿਆਰ ਨਾਲ ਸਾਨੂੰ ਜਨਵਰੀ 2001 ਵਿੱਚ ਇੱਕ ਸਾਫਟਵੇਅਰ ਸੇਵਾ ਕੰਪਨੀ ਸ਼ੁਰੂ ਕਰਨ ਦੇ ਯੋਗ ਬਣਾਇਆ। ਫਰਵਰੀ 2001 ਵਿੱਚ, ਅਸੀਂ ਇੱਕ ਛੋਟੀ ਜਿਹੀ ਕਲੀਸੀਆ ਸ਼ੁਰੂ ਕੀਤੀ—ਸਾਫਟਵੇਅਰ ਕੰਪਨੀ ਦਾ ਦਸਵੰਧ ਕਲੀਸੀਆ ਨੂੰ ਦਿੱਤਾ ਜਾਂਦਾ ਸੀ ਅਤੇ ਅਸੀਂ ਇਸ ਪੈਸੇ ਨਾਲ ਬਹੁਤ ਸਾਰੇ ਕੰਮ ਕਰ ਸਕਦੇ ਸੀ—ਅਸੀਂ ਇੱਕ ਹਾਲ ਕਿਰਾਏ ‘ਤੇ ਲਿਆ, ਜ਼ਰੂਰੀ ਉਪਕਰਣ ਖਰੀਦੇ, ਕਿਤਾਬਾਂ ਛਾਪੀਆਂ ਜੋ ਅਸੀਂ ਮੁਫ਼ਤ ਵੰਡੀਆਂ, ਪ੍ਰਚਾਰ ਕਰਨ ਲਈ ਕੇਬਲ ਟੀ.ਵੀ.ਪ੍ਰਾਪਤ ਕੀਤਾ ਜੋ ਸਾਡੀਆਂ ਸੇਵਕਾਈਆਂ ਦੀ ਵਿੱਤੀ ਸਹਾਇਤਾ ਕਰਦਾ ਸੀ। ਸਾਡਾ ਦਰਸ਼ਣ ਵੱਡਾ ਸੀ ਅਤੇ ਪੈਸੇ ਦੀ ਕਮੀ ਕਾਰਨ ਸਾਡੇ ਹੱਥ ਬੰਨ੍ਹੇ ਹੋਏ ਨਹੀਂ ਸਨ। ਸੇਵਾ ਸ਼ੁਰੂ ਕਰਨ ਲਈ ਸਾਡੇ ਕੋਲ ਲੋੜੀਂਦੇ ਸੰਸਾਧਨ ਸਨ।

ਅੱਜ ਮੈਂ ਪਿੱਛੇ ਮੁੜ ਕੇ ਦੇਖਦਾ ਹਾਂ, ਕਿ ਕਿਵੇਂ ਪਰਮੇਸ਼ੁਰ ਨੇ ਮੇਰੀ ਸਿੱਖਿਆ ਅਤੇ ਪੇਸ਼ੇ ਦੀ ਵਰਤੋਂ ਮੈਨੂੰ ਸੇਵਕਾਈ ਲਈ ਤਿਆਰ ਕਰਨ ਲਈ ਕੀਤੀ। ਪ੍ਰਭੂ ਦਾ ਕੰਮ ਕਰਨ ਦੇ ਮੌਕੇ ਮੇਰੀ ਸਿੱਖਿਆ ਅਤੇ ਪੇਸ਼ੇ ਨਾਲ ਨੇੜਿਓਂ ਜੁੜੇ ਹੋਏ ਸਨ। ਮੈਨੂੰ ਯਕੀਨ ਹੈ ਕਿ ਕੰਮ ਪਰਮੇਸ਼ੁਰ ਦੀ ਇੱਛਾ ਅਤੇ ਉਦੇਸ਼ ਦੀ ਪੂਰਤੀ ਦਾ ਇੱਕ ਸਾਧਨ ਹੈ ਅਤੇ ਰੱਬੀ ਯੋਜਨਾ ਦਾ ਇੱਕ ਹਿੱਸਾ ਹੈ।

ਜਦੋਂ ਤੁਸੀਂ ਉਹ ਕੰਮ ਕਰਦੇ ਹੋ ਜੋ ਪਰਮੇਸ਼ੁਰ ਤੁਹਾਡੇ ਤੋਂ ਕਰਵਾਉਣਾ ਚਾਹੁੰਦਾ ਹੈ, ਤਾਂ ਤੁਹਾਡੇ ਕੰਮ ਵਿੱਚ ਕੋਈ ਰੁਕਾਵਟ ਜਾਂ ਬੰਧਨ ਜਾਂ ਬੁਰਾਈ ਨਹੀਂ ਹੋਵੇਗੀ। ਜੇਕਰ ਪਰਮੇਸ਼ੁਰ ਤੁਹਾਨੂੰ ਕੰਮ ਕਰਨ ਲਈ ਬੁਲਾਵੇ ਤਾਂ ਕੰਮ ਨੂੰ ਬੁਰਾਈ, ਬੰਧਨ ਜਾਂ ਅੜਚਨ ਨਾ ਸਮਝੋ। ਇਸ ਨੂੰ ਧਰਤੀ ਉੱਤੇ ਪਰਮੇਸ਼ੁਰ ਦੇ ਰਾਜ ਦਾ ਵਿਸਥਾਰ ਕਰਨ ਲਈ ਤੁਹਾਡੇ ਜੀਵਨ ਲਈ ਰੱਬੀ ਯੋਜਨਾ ਦੇ ਹਿੱਸੇ ਦੇ ਰੂਪ ਵਿੱਚ ਦੇਖੋ।

# 5
# ਸੱਤ ਸਹੀ ਰਵੱਈਏ

ਅਫ਼ਸੀਆਂ 6:5-10
5 ਹੇ ਨੌਕਰੋ, ਤੁਸੀਂ ਉਨ੍ਹਾਂ ਦੀ ਜਿਹੜੇ ਸਰੀਰ ਦੇ ਸਰਬੰਧ ਕਰਕੇ ਤੁਹਾਡੇ ਮਾਲਕ ਹਨ ਆਪਣੇ ਮਨ ਦੀ ਸਫ਼ਾਈ ਨਾਲ ਡਰਦੇ ਅਤੇ ਕੰਬਦੇ ਹੋਏ ਆਗਿਆਕਾਰੀ ਕਰੋ ਜਿਵੇਂ ਮਸੀਹ ਦੀ।
6 ਅਤੇ ਮਨੁੱਖਾਂ ਦੇ ਰਿਝਾਉਣ ਵਾਲਿਆਂ ਵਾਂਙੁ ਵਿਖਾਵੇ ਦੀ ਨੌਕਰੀ ਨਾ ਸਗੋਂ ਸਰੀਰ ਮਸੀਹ ਦਿਆਂ ਦਾਸਾਂ ਵਾਂਙੁ ਜੀ ਲਾ ਕੇ ਪਰਮੇਸ਼ੁਰ ਦੀ ਇੱਛਿਆ ਪੂਰੀ ਕਰੋ।
7 ਅਤੇ ਮਨ ਲਾ ਕੇ ਟਹਿਲ ਕਰੋ ਜਿਵੇਂ ਪ੍ਰਭੂ ਦੀ ਅਤੇ ਨਾ ਮਨੁੱਖਾਂ ਦੀ
8 ਕਿਉਂ ਜੋ ਤੁਸੀਂ ਜਾਣਦੇ ਹੋ ਭਈ ਹਰ ਕੋਈ ਜੋ ਕੁਝ ਭਲਾ ਕੰਮ ਕਰੇ ਭਾਵੇਂ ਦਾਸ ਹੋਵੇ ਭਾਵੇਂ ਅਜ਼ਾਦ ਸੋ ਪ੍ਰਭੂ ਕੋਲੋਂ ਉਹ ਦਾ ਫਲ ਪਾਵੇਗਾ।
9 ਅਤੇ ਹੇ ਮਾਲਕੋ, ਤੁਸੀਂ ਧਮਕੀਆਂ ਛੱਡ ਕੇ ਓਹਨਾਂ ਨਾਲ ਉਹੋ ਜਿਹਾ ਵਰਤਾਰਾ ਕਰੋ ਕਿਉਂ ਜੋ ਤੁਸੀਂ ਜਾਣਦੇ ਹੋ ਜੋ ਸੁਰਗ ਵਿੱਚ ਓਹਨਾਂ ਦਾ ਅਤੇ ਤੁਹਾਡਾ ਦੋਹਾਂ ਦਾ ਮਾਲਕ ਹੈ ਅਤੇ ਉਹ ਦੀ ਦਰਗਾਹੇ ਕਿਸੇ ਦਾ ਪੱਖਪਾਤ ਨਹੀਂ ਹੁੰਦਾ।
10 ਮੁੱਕਦੀ ਗੱਲ, ਪ੍ਰਭੂ ਵਿੱਚ ਅਤੇ ਉਹ ਦੀ ਸਮਰੱਥ ਦੇ ਪਰਾਕਰਮ ਵਿੱਚ ਤਕੜੇ ਹੋਵੋ!

ਕੁਲੁੱਸੀਆਂ 3:22-25
22 ਹੇ ਨੌਕਰੋ, ਤੁਸੀਂ ਸਭਨੀਂ ਗੱਲੀਂ ਆਪਣੇ ਸੰਸਾਰਿਕ ਮਾਲਕਾਂ ਦੀ ਆਗਿਆਕਾਰੀ ਕਰੋ ਅਤੇ ਮਨੁੱਖਾਂ ਦੇ ਰਿਝਾਉਣ ਵਾਲਿਆਂ ਵਾਂਙੁ ਵਿਖਾਵੇ ਦੀ ਨੌਕਰੀ ਨਹੀਂ ਸਗੋਂ ਮਨ ਦੀ ਸਫ਼ਾਈ ਨਾਲ ਪ੍ਰਭੂ ਦੇ ਭੈਅ ਨਾਲ ਕਰੋ।
23 ਜੋ ਕੁਝ ਤੁਸੀਂ ਕਰੋ ਸੋ ਚਿੱਤ ਲਾ ਕੇ ਪ੍ਰਭੂ ਦੇ ਲਈ ਕਰੋ, ਨਾ ਮਨੁੱਖਾਂ ਦੇ ਲਈ ।
24 ਕਿਉਂਕਿ ਤੁਸੀਂ ਜਾਣਦੇ ਹੋ ਭਈ ਤੁਹਾਨੂੰ ਪ੍ਰਭੂ ਤੋਂ ਅਧਿਕਾਰ ਦਾ ਫਲ ਮਿਲੇਗਾ। ਤੁਸੀਂ ਮਸੀਹ ਪ੍ਰਭੂ ਦੀ ਸੇਵਾ ਕਰਦੇ ਹੋ।
25 ਕਿਉਂਕਿ ਜਿਹੜਾ ਕੁਨਿਆਉਂ ਕਰਦਾ ਹੈ ਉਹ ਨੂੰ ਉਸ ਕੁਨਿਆਉਂ ਦਾ ਵੱਟਾ ਮਿਲੇਗਾ ਅਤੇ ਪੱਖਪਾਤ ਹੁੰਦਾ ਹੀ ਨਹੀਂ।

ਦੋਵੇਂ ਹਵਾਲੇ ਅਪਣੀ ਸਿੱਖਿਆ ਵਿੱਚ ਸਮਾਨ ਹਨ। ਅੱਜ ਸਾਡੇ ਸਮੇਂ ਵਿੱਚ "ਮਾਲਕ" ਅਤੇ "ਦਾਸ" ਦੀ ਕੋਈ ਧਾਰਣਾ ਨਹੀਂ ਹੈ। ਪਰ ਅਸੀਂ ਮਾਲਕ ਅਤੇ ਦਾਸ ਦੀ ਧਾਰਣਾ ਨੂੰ “ਮਾਲਕ” ਅਤੇ “ਕਰਮਚਾਰੀ” ਦੇ ਰੂਪ ਵਿੱਚ ਸਮਝ ਸਕਦੇ ਹਾਂ ਤਾਂ ਜੋ ਉਹ ਸਾਡੇ ਲਈ ਢੁੱਕਵੇਂ ਹੋਣ।

## ਕੰਮ ਦੇ ਸੰਬੰਧ ਵਿੱਚ ਪੌਲੁਸ ਸੱਤ ਰਵੱਈਏ ਪੇਸ਼ ਕਰਦਾ ਹੈ

1) ਪੌਲੁਸ ਸਾਨੂੰ ਹੁਕਮ ਦਿੰਦਾ ਹੈ ਕਿ ਅਸੀਂ ਕਰਮਚਾਰੀਆਂ ਦੇ ਤੌਰ 'ਤੇ ਆਪਣੇ ਮਾਲਕ ਦੀ ਆਗਿਆਕਾਰੀ ਕਰੀਏ। ਇਸ ਦਾ ਮਤਲਬ ਹੈ ਕਿ ਸਾਡੇ ਕੰਮ ਵਾਲੀ ਥਾਂ 'ਤੇ ਅਸੀਂ ਦਿੱਤੀਆਂ ਹਿਦਾਇਤਾਂ ਅਤੇ ਕਨੂੰਨਾਂ ਦੀ ਪਾਲਣਾ ਕਰੀਏ।

2) ਉਸ ਤੋਂ ਬਾਅਦ ਅਸੀਂ ਆਪਣੇ ਮਾਲਕਾਂ ਨੂੰ (ਡਰ ਦੇ ਅਤੇ ਕੰਬਦੇ ਹੋਏ (ਅਫ਼ਸੀਆਂ ਨੂੰ 6:5)) ਆਦਰ ਦੇਣਾ ਹੈ। ਬਾਗ਼ੀ ਹੋਣ ਅਤੇ ਇਹ ਸੋਚਣ ਦੀ ਬਜਾਇ ਕਿ ਅਸੀਂ ਆਪਣੇ ਉੱਚ—ਅਧਿਕਾਰੀਆਂ ਤੋਂ ਵੱਧ ਜਾਣਦੇ ਹਾਂ, ਸਾਨੂੰ ਕੰਮ ਵਾਲੀ ਥਾਂ 'ਤੇ ਉਨ੍ਹਾਂ ਲੋਕਾਂ ਦਾ ਆਦਰ ਅਤੇ ਸਨਮਾਨ ਕਰਨਾ ਚਾਹੀਦਾ ਹੈ ਜੋ ਸਾਡੇ ਉੱਚ-ਅਧਿਕਾਰੀ ਹਨ।

3) ਪੌਲੁਸ ਉਦੇਸ਼ ਦੀ ਸ਼ੁੱਧਤਾ ਨੂੰ *"ਮਨ ਦੀ ਸਫਾਈ ਨਾਲ"* ਬੋਲਦਾ ਹੈ (ਕੁਲੁੱਸੀਆਂ 3:22)। "ਦਿਲ ਦੀ ਸਫ਼ਾਈ" ਅਤੇ "ਪੂਰੇ ਮਨ ਨਾਲ।" ਆਪਣੇ ਕੰਮ ਵਿੱਚ ਇਮਾਨਦਾਰ ਰਹੋ। "ਇਮਾਨਦਾਰੀ" ਜਾਂ "ਇੱਕ-ਮਨ ਤਾਂ" ਯੂਨਾਨੀ ਸ਼ਬਦ ਤੋਂ ਆਇਆ ਹੈ ਜਿਸ ਦਾ ਅਰਥ ਹੈ, "ਬਿਨ੍ਹਾਂ ਧੋਖਾਧੜੀ ਜਾਂ ਆਤਮ—ਸੁਆਰਥ ਤੋਂ।" ਇਸ ਦਾ ਅਰਥ ਵੀ "ਖੁੱਲ੍ਹੇ ਦਿਲ ਨਾਲ, ਭਰਪੂਰੀ, ਦਿਆਲੂ ਅਤੇ ਮਨ ਦੀ ਸਫ਼ਾਈ" ਹੈ।

4) ਪੌਲੁਸ ਈਮਾਨਦਾਰੀ ਬਾਰੇ ਗੱਲ ਕਰਦਾ ਹੈ। ਤਦ ਜਵਾਬਦੇਹ ਹੋਣਾ ਹੈ, ਇਸ ਲਈ ਜਦੋਂ ਕੋਈ ਸਾਨੂੰ ਨਹੀਂ ਦੇਖਦਾ ਤਦ ਜਵਾਬਦੇਹ ਹੋਣਾ ਹੈ। ਉਹ ਕਹਿੰਦਾ ਹੈ, *"ਤੁਸੀਂ ਸਭਨੀਂ ਗੱਲੀਂ ਆਪਣੇ ਸੰਸਾਰਿਕ ਮਾਲਕਾਂ ਦੀ ਆਗਿਆਕਾਰੀ ਕਰੋ"* (ਕੁਲੁੱਸੀਆਂ 3:22)। ਇਸ ਦੀ ਪ੍ਰੇਰਣਾ ਇਹ ਸਚਾਈ ਕਿ ਅਸੀਂ ਮਸੀਹ ਦੇ ਸੇਵਕ ਹਾਂ। ਇਹ ਸਮਝਣਾ ਬਹੁਤ ਮਹੱਤਵਪੂਰਣ ਹੈ ਕਿ ਅਸੀਂ ਕਿਸੇ ਵੀ ਕੰਪਨੀ ਜਾਂ ਸੰਸਥਾ ਦੇ ਕਰਮਚਾਰੀ ਹੋਣ ਤੋਂ ਪਹਿਲਾਂ ਜਿਸ ਲਈ ਅਸੀਂ ਕੰਮ ਕਰਦੇ ਹਾਂ, ਅਸੀਂ ਅਸਲ ਵਿੱਚ ਮਸੀਹ ਦੇ ਕਰਮਚਾਰੀ ਹਾਂ। ਸਾਡੇ ਕੰਮ ਦੇ ਸਥਾਨ ਵਿੱਚ, ਅਸੀਂ ਮਸੀਹ ਦੇ ਮਜ਼ਦੂਰ ਹਾਂ। ਅਸੀਂ ਮਸੀਹ ਦੀ ਨੁਮਾਇੰਦਗੀ ਕਰਦੇ ਹਾਂ ਅਤੇ ਆਪਣਾ ਕੰਮ ਇਸ ਤਰ੍ਹਾਂ ਕਰਦੇ ਹਾਂ ਜਿਵੇਂ ਕਿ *"ਅਸੀਂ ਮਨੁੱਖਾਂ ਲਈ ਨਹੀਂ, ਪਰ ਪ੍ਰਭੂ ਲਈ ਕੰਮ ਕਰਦੇ ਹਾਂ,"* (ਕੁਲੁੱਸੀਆਂ 3:23) ਕਿਉਂਕਿ ਅਸੀਂ ਮਸੀਹ ਲਈ ਕੰਮ ਤੇ ਜਾ ਰਹੇ ਹਾਂ, ਜੋ ਸਾਡਾ ਮੁੱਖ ਮਾਲਕ ਹੈ ਅਤੇ ਸਾਡੀ ਨਿਗਰਾਨੀ ਕਰਦਾ ਹੈ। ਉਹ ਦੇਖਦਾ ਹੈ ਕਿ ਅਸੀਂ ਸਮੇਂ ਸਿਰ ਕੰਮ ਕਰ ਰਹੇ ਹਾਂ ਜਾਂ ਨਹੀਂ। ਉਹ ਕੰਮ ਵਾਲੀ ਥਾਂ 'ਤੇ ਸਾਡੀ ਸਮੇਂ ਦੀ ਪਾਬੰਦੀ ਜਾਂ ਸਾਡੀ ਮੌਜੂਦਗੀ ਜਾਂ ਗ਼ੈਰਹਾਜ਼ਰੀ ਨੂੰ ਦੇਖਦਾ ਹੈ। ਉਹ ਅਸਲ ਕਾਰਣ ਜਾਣਦਾ ਹੈ ਕਿ ਅਸੀਂ ਕੰਮ 'ਤੇ ਕਿਉਂ ਨਹੀਂ ਸੀ,

ਭਾਵੇਂ ਅਸੀਂ ਬਿਮਾਰ ਹੋਣ ਦੇ ਬਹਾਨੇ ਜਾਂ ਕਿਸੇ ਦੂਸਰੇ ਕਾਰਣ ਕਰਕੇ ਛੁੱਟੀ ਲੈ ਲਈ। ਉਹ ਦੇਖਦਾ ਹੈ ਕਿ ਅਸੀਂ ਕੰਮ 'ਤੇ ਆਪਣਾ ਸਮਾਂ ਕਿਵੇਂ ਵਰਤਦੇ ਹਾਂ। ਕੀ ਅਸੀਂ ਸੱਚਮੁੱਚ ਕੰਮ ਕਰ ਰਹੇ ਹਾਂ ਜਾਂ ਆਪਣਾ ਸਮਾਂ ਬਰਬਾਦ ਕਰ ਰਹੇ ਹਾਂ? ਉਹ ਦੇਖਦਾ ਹੈ ਕਿ ਜਿਨ੍ਹਾਂ "ਛੋਟੇ ਰਾਹ" ਅਸੀਂ ਅਪਣਾਉਂਦੇ ਹਾਂ ਉਹ ਦੇਖਦਾ ਹੈ ਕਿ ਕੀ ਉਹ ਝੂਠੇ ਦਸਤਾਵੇਜ਼, ਝੂਠੀਆਂ ਰਿਪੋਰਟਾਂ, ਆਦਿ ਤਾਂ ਨਹੀਂ ਬਣਾ ਰਹੇ।

5) ਪੌਲੁਸ ਸਾਡੇ ਕੰਮ ਦੇ ਸੰਬੰਧ ਵਿੱਚ ਕਹਿੰਦਾ ਹੈ, *"ਸਗੋਂ ਸਰੀਰ ਮਸੀਹ ਦਿਆਂ ਦਾਸਾਂ ਵਾਂਙੁ ਜੀ ਲਾ ਕੇ ਪਰਮੇਸ਼ੁਰ ਦੀ ਇੱਛਿਆ ਪੂਰੀ ਕਰੋ"* (ਅਫ਼ਸੀਆਂ 6:6) ਆਪਣੇ ਕੰਮ *"ਚਿੱਤ ਲਾ ਕੇ ਪ੍ਰਭੂ ਦੇ ਲਈ ਕਰੋ"* (ਕੁਲੁੱਸੀਆਂ 3:23)। ਆਓ ਅਸੀਂ ਜੋ ਕੰਮ ਸਾਨੂੰ ਸੌਂਪਿਆ ਹੈ, ਉਹ ਪੂਰੇ ਦਿਲ ਨਾਲ ਕਰੀਏ। ਸਾਨੂੰ ਸੌਂਪੇ ਗਏ ਕੰਮ ਨੂੰ ਪੂਰੇ ਦਿਲ ਨਾਲ ਕਰਨ ਦੀ ਲੋੜ ਹੈ। ਅੱਧੇ ਦਿਲ ਨਾਲ ਕੰਮ ਨਾ ਕਰੋ, ਪਰ ਆਪਣਾ ਸਭ ਕੁਝ ਉਸ ਕੰਮ ਵਿੱਚ ਲਾ ਦਿਓ। ਇਸ ਵਿੱਚ ਆਪਣਾ ਸਭ ਤੋਂ ਉੱਤਮ ਯੋਗਦਾਨ ਦਿਓ। ਆਪਣਾ ਕੰਮ ਇਸ ਤਰ੍ਹਾਂ ਕਰੋ ਜਿਵੇਂ ਤੁਸੀਂ ਇਹ ਯਿਸੂ ਲਈ ਕਰ ਰਹੇ ਹੋ।

6) ਪੌਲੁਸ ਫਿਰ ਸਾਨੂੰ ਹਿਦਾਇਤ ਦਿੰਦਾ ਹੈ, *"ਮਨ ਲਾ ਕੇ ਟਹਿਲ ਕਰੋ"* (ਅਫ਼ਸੀਆਂ 6:7)। ਆਪਣਾ ਕੰਮ ਖ਼ੁਸ਼ੀ ਨਾਲ ਕਰੋ, ਬੁੜ-ਬੁੜ ਕਰਦੇ ਹੋਏ ਜਾਂ ਸ਼ਿਕਾਇਤ ਕਰਦੇ ਹੋਏ ਨਾ ਕਰੋ। ਦ ਮੈਸੇਜ ਬਾਈਬਲ ਵਿੱਚ ਇਸ ਤਰ੍ਹਾਂ ਲਿਖਿਆ ਹੈ, *"ਅਤੇ ਮਨ ਲਾ ਕੇ ਟਹਿਲ ਕਰੋ ਜਿਵੇਂ ਪ੍ਰਭੂ ਦੀ ਅਤੇ ਨਾ ਮਨੁੱਖਾਂ ਦੀ। ਕਿਉਂ ਜੋ ਤੁਸੀਂ ਜਾਣਦੇ ਹੋ ਭਈ ਹਰ ਕੋਈ ਜੋ ਕੁਝ ਭਲਾ ਕੰਮ ਕਰੇ ਭਾਵੇਂ ਦਾਸ ਹੋਵੇ ਭਾਵੇਂ ਅਜ਼ਾਦ ਸੋ ਪ੍ਰਭੂ ਕੋਲੋਂ ਉਹ ਦਾ ਫਲ ਪਾਵੇਗਾ"* (ਅਫ਼ਸੀਆਂ 6:7,8)।

7) ਅੰਤ ਵਿੱਚ, ਪੌਲੁਸ ਕਹਿੰਦਾ ਹੈ, *"ਆਓ ਅਸੀਂ ਆਪਣੇ ਇਨਾਮ ਲਈ ਪ੍ਰਭੂ ਵੱਲ ਵੇਖੀਏ।"* (ਕੁੱਲੁਸੀਆਂ 3:24)। ਮਸੀਹ ਤੁਹਾਡਾ ਮਾਲਕ ਹੈ, ਇਸ ਲਈ ਜਦੋਂ ਤੁਸੀਂ ਆਪਣਾ ਕੰਮ ਕਰ ਲਿਆ ਹੈ, ਤਾਂ ਤੁਸੀਂ ਨਿਸ਼ਚਤ ਹੋ ਸਕਦੇ ਹੋ ਕਿ ਉਹ ਤੁਹਾਨੂੰ ਵਫ਼ਾਦਾਰੀ ਨਾਲ ਇਨਾਮ ਦੇਵੇਗਾ। ਜਦੋਂ ਤੁਸੀਂ ਆਪਣੇ ਇਨਾਮ ਲਈ ਪਰਮੇਸ਼ੁਰ ਵੱਲ ਦੇਖਦੇ ਹੋ, ਤਾਂ ਤੁਸੀਂ ਦੁਨੀਆਂ ਵਾਂਗ ਵਿਹਾਰ ਕਰਨਾ ਬੰਦ ਕਰੋ! ਸੰਸਾਰ ਦੇ ਲੋਕ ਅੱਗੇ ਵੱਧਣ ਦੇ ਲਈ ਦੂਸਰਿਆਂ ਨੂੰ ਧੱਕਾ ਦਿੰਦੇ ਹੋਏ ਅਤੇ ਹਰ ਤਰ੍ਹਾਂ ਦੇ ਹੱਥ ਕੰਡੇ ਆਪਣਾ ਕੇ ਅੱਗੇ ਵੱਧਦੇ ਹਨ। ਪਰ ਵਿਸ਼ਵਾਸੀ ਹੋਣ ਦੇ ਨਾਤੇ, ਸਾਨੂੰ ਸ਼ਾਂਤ, ਬੇਫ਼ਿਕਰ ਅਤੇ ਚੰਗੇ ਹਿਰਦੇ ਨਾਲ ਆਪਣਾ ਕੰਮ ਕਰਨਾ ਚਾਹੀਦਾ ਹੈ ਅਤੇ ਆਪਣੀ ਪੂਰੀ ਕੋਸ਼ਿਸ਼ ਨੂੰ

> ਸੇਵਾ ਵਿੱਚ ਲਗਾਉਣਾ ਹੈ। ਜਦੋਂ ਪਰਮੇਸ਼ੁਰ ਸਾਨੂੰ ਕੰਮ 'ਤੇ ਤਰੱਕੀ ਦੇਣ ਦਾ ਫ਼ੈਸਲਾ ਕਰਦਾ ਹੈ, ਤਾਂ ਕੋਈ ਵੀ ਆਦਮੀ ਰਸਤੇ ਵਿੱਚ ਨਹੀਂ ਆ ਸਕਦਾ! ਅਤੇ ਇਹ ਵੀ ਯਾਦ ਰੱਖੋ, ਇਨਾਮ ਦਾ ਉਹ ਹਿੱਸਾ ਆਉਣ ਵਾਲੇ ਸੰਸਾਰ ਵਿੱਚ ਹੈ। ਜਦੋਂ ਤੁਸੀਂ ਸਵਰਗ ਵਿੱਚ ਆਪਣੀ ਵਿਰਾਸਤ ਪ੍ਰਾਪਤ ਕਰੋਗੇ, ਤਾਂ ਤੁਹਾਨੂੰ ਪੂਰਾ ਇਨਾਮ ਦਿੱਤਾ ਜਾਵੇਗਾ।

ਹੇਠ ਲਿਖੇ ਸੰਦੇਸ਼ ਬਾਈਬਲ ਵਿੱਚੋਂ ਲਏ ਗਏ ਸਨ। ਕੁਲੁੱਸੀਆਂ 3:22-25 ਦੀਆਂ ਆਇਤਾਂ ਇਸ ਨੂੰ ਹੋਰ ਵੀ ਸਪੱਸ਼ਟ ਕਰਦੀਆਂ ਹਨ।

**ਕੁਲੁੱਸੀਆਂ 3:22-25**
**22 ਹੇ ਨੌਕਰੋ, ਤੁਸੀਂ ਸਭਨੀਂ ਗੱਲੀਂ ਆਪਣੇ ਸੰਸਾਰਿਕ ਮਾਲਕਾਂ ਦੀ ਆਗਿਆਕਾਰੀ ਕਰੋ ਅਤੇ ਮਨੁੱਖਾਂ ਦੇ ਰਿਝਾਉਣ ਵਾਲਿਆਂ ਵਾਂਙੁ ਵਿਖਾਵੇ ਦੀ ਨੌਕਰੀ ਨਹੀਂ ਸਗੋਂ ਮਨ ਦੀ ਸਫ਼ਾਈ ਨਾਲ ਪ੍ਰਭੂ ਦੇ ਭੈਅ ਨਾਲ ਕਰੋ।**
**23 ਜੋ ਕੁਝ ਤੁਸੀਂ ਕਰੋ ਸੋ ਚਿੱਤ ਲਾ ਕੇ ਪ੍ਰਭੂ ਲਈ ਕਰੋ, ਨਾ ਮਨੁੱਖਾਂ ਦੇ ਲਈ।**
**24 ਕਿਉਂਕਿ ਤੁਸੀਂ ਜਾਣਦੇ ਹੋ ਭਈ ਤੁਹਾਨੂੰ ਪ੍ਰਭੂ ਤੋਂ ਅਧਿਕਾਰ ਦਾ ਫਲ ਮਿਲੇਗਾ। ਤੁਸੀਂ ਮਸੀਹ ਪ੍ਰਭੂ ਦੀ ਸੇਵਾ ਕਰਦੇ ਹੋ।**
**25 ਕਿਉਂਕਿ ਜਿਹੜਾ ਕੁਨਿਆਉਂ ਕਰਦਾ ਹੈ ਉਹ ਨੂੰ ਉਸ ਕੁਨਿਆਉਂ ਦਾ ਵੱਟਾ ਮਿਲੇਗਾ ਅਤੇ ਪੱਖਪਾਤ ਹੁੰਦਾ ਹੀ ਨਹੀਂ।**

## ਪੂਰਾ ਸਮਾਂ ਸੇਵਕਾਈ ਵਿੱਚ ਦੇਣ ਵਾਲੇ ਸੇਵਕਾਂ ਲਈ ਸਲਾਹ

ਇੱਕ ਸਮੇਂ, ਬੰਗਲੌਰ ਵਿੱਚ ਇੱਕ ਪਾਸਟਰ ਨੇ ਮੈਨੂੰ ਪੁੱਛਿਆ ਕਿ ਮੈਂ ਆਪਣੇ ਦਫ਼ਤਰ ਵਿੱਚ ਕਿੰਨੇ ਘੰਟੇ ਕੰਮ ਕਰਦਾ ਹਾਂ। ਮੈਂ ਉਸ ਨੂੰ ਦੱਸਿਆ ਕਿ ਮੈਂ ਇੱਕ ਆਮ ਕੰਮ ਦੇ ਹਫ਼ਤੇ ਦੌਰਾਨ ਕੰਮ 'ਤੇ ਲੱਗਭੱਗ 40 ਤੋਂ 50 ਘੰਟੇ ਬਿਤਾਉਂਦਾ ਹਾਂ। ਉਹ ਹੈਰਾਨ ਸੀ ਅਤੇ ਉਸ ਨੇ ਇਸ ਗੱਲ ਨੂੰ ਮੰਨਿਆ ਕਿ ਪੂਰਾ ਸਮਾਂ ਸੇਵਕਾਈ ਵਿੱਚ ਦੇਣ ਵਾਲਾ ਸੇਵਕ ਹੋਣ ਦੇ ਬਾਵਜੂਦ ਵੀ ਉਹ ਕਈ ਵਾਰ ਦਿਨ ਦੇ ਚਾਰ—ਪੰਜ ਘੰਟੇ ਵੀ ਕੰਮ ਵਿੱਚ ਨਹੀਂ ਬਿਤਾਉਂਦਾ ਸੀ। ਮੇਰਾ ਮੰਨਣਾ ਹੈ ਕਿ ਪੂਰਾ ਸਮਾਂ ਸੇਵਕਾਈ ਵਿੱਚ ਦੇਣ ਵਾਲੇ ਸੇਵਕਾਂ—ਪਾਸਟਰ, ਪ੍ਰਚਾਰਕ ਅਤੇ ਦੂਸਰੇ ਸੇਵਕਾਂ ਨੂੰ ਉਹੀ ਸਿਧਾਂਤ ਅਤੇ ਕਾਰਜ ਅਨੁਸ਼ਾਸਨ ਦੀ ਪਾਲਣਾ ਕਰਨੀ ਚਾਹੀਦੀ ਹੈ ਜਿਨ੍ਹਾਂ ਦੀ ਪਾਲਣਾ ਉਹ "ਸੰਸਾਰਕ" ਕੰਮ ਵਿੱਚ ਕਰਦੇ ਹਨ ਹੈ। ਤੁਹਾਨੂੰ ਦਿਨ ਵਿੱਚ ਘੱਟੋ-ਘੱਟ ਅੱਠ ਘੰਟੇ, ਹਫ਼ਤੇ ਵਿੱਚ ਘੱਟੋ-ਘੱਟ 40 ਘੰਟੇ ਸੇਵਾ ਦਾ ਕੰਮ ਕਰਨਾ ਚਾਹੀਦਾ ਹੈ! ਚੰਗੇ ਕੰਮ ਕਰਨ ਦੀਆਂ ਆਦਤਾਂ ਨੂੰ ਅਪਨਾਉਣ ਲਈ ਤੁਹਾਨੂੰ ਅਨੁਸ਼ਾਸਿਤ ਹੋਣਾ ਪਵੇਗਾ।

# 6
# ਤੁਹਾਡੇ ਕੰਮ ਦੇ ਸੰਬੰਧ ਵਿੱਚ ਵਾਇਦੇ

ਕੰਮ ਨਾਲ ਸੰਬੰਧਤ ਬਾਈਬਲ ਵਿੱਚ ਬਹੁਤ ਸਾਰੀਆਂ ਆਇਤਾਂ ਹਨ। ਅਸੀਂ ਪਿੱਛਲੇ ਪਾਠ ਵਿੱਚ ਦੇਖਿਆ ਸੀ ਕਿ ਪਰਮੇਸ਼ੁਰ ਸਾਨੂੰ ਉਨ੍ਹਾਂ ਕੰਮਾਂ ਦਾ ਫਲ ਜਾਂ ਇਨਾਮ ਦੇਵੇਗਾ ਜੋ ਅਸੀਂ ਕਰਦੇ ਹਾਂ। ਜਦੋਂ ਅਸੀਂ ਸਵਰਗ ਵਿੱਚ ਪ੍ਰਭੂ ਨੂੰ ਮਿਲਾਂਗੇ ਤਾਂ ਸਾਡੇ ਪ੍ਰਤੀਫਲ ਜਾਂ ਇਨਾਮ ਦਾ ਇੱਕ ਹਿੱਸਾ ਸਾਨੂੰ ਦਿੱਤਾ ਜਾਵੇਗਾ ਅਤੇ ਸਾਡੇ ਇਨਾਮ ਦਾ ਇੱਕ ਹਿੱਸਾ ਸਾਨੂੰ ਇਸ ਮੌਜੂਦਾ ਸਮੇਂ ਵਿੱਚ ਦਿੱਤਾ ਗਿਆ ਹੈ। ਇੱਥੇ ਕੁਝ ਵਾਇਦੇ ਦਿੱਤੇ ਗਏ ਹਨ ਜਿਨ੍ਹਾਂ ਦੀ ਅਸੀਂ ਧਰਤੀ ਉੱਤੇ ਰਹਿੰਦੇ ਹੋਏ ਆਸ ਕਰ ਸਕਦੇ ਹਾਂ।

## ਪ੍ਰਭੂ ਤੁਹਾਡੇ ਹੱਥਾਂ ਦੇ ਕੰਮਾਂ ਨੂੰ ਅਸੀਸ ਦੇਵੇਗਾ

**ਬਿਵਸਥਾ ਸਾਰ 28:8**

**ਯਹੋਵਾਹ ਤੁਹਾਡੇ ਲਈ ਅਸੀਸ ਦੀ ਆਗਿਆ ਤੁਹਾਡੇ ਮੋਦੀ ਖ਼ਾਨਿਆਂ ਵਿੱਚ ਅਤੇ ਤੁਹਾਡੇ ਹੱਥਾਂ ਦੇ ਸਾਰੇ ਕੰਮਾਂ ਵਿੱਚ ਦੇਵੇਗਾ ਅਤੇ ਉਹ ਤੁਹਾਨੂੰ ਉਸ ਦੇਸ਼ ਵਿੱਚ ਆਸ਼ੀਸ਼ ਦੇਵੇਗਾ ਜਿਹੜਾ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਨੂੰ ਦਿੰਦਾ ਹੈ।**

**ਬਿਵਸਥਾ ਸਾਰ 28:12**

**ਯਹੋਵਾਹ ਤੁਹਾਡੇ ਲਈ ਆਪਣਾ ਚੰਗਾ ਅਕਾਸ਼ ਰੂਪੀ ਭੰਡਾਰ ਖੋਲ੍ਹੇਗਾ ਕਿ ਵੇਲੇ ਸਿਰ ਤੁਹਾਡੀ ਧਰਤੀ ਉੱਤੇ ਮੀਂਹ ਪਾਵੇ ਅਤੇ ਤੁਹਾਡੇ ਹੱਥਾਂ ਦੇ ਸਾਰੇ ਕੰਮਾਂ ਉੱਤੇ ਬਰਕਤ ਦੇਵੇ। ਤੁਸੀਂ ਬਹੁਤੀਆਂ ਕੌਮਾਂ ਨੂੰ ਕਰਜ਼ ਦਿਓਗੇ ਪਰ ਤੁਸੀਂ ਆਪ ਕਰਜ਼ ਨਹੀਂ ਲਓਗੇ।**

ਪੁਰਾਣੇ ਨੇਮ ਦੇ ਅਧੀਨ, ਪਰਮੇਸ਼ੁਰ ਦੇ ਲੋਕਾਂ ਨੂੰ ਕੁਝ ਵਾਇਦੇ ਦਿੱਤੇ ਗਏ ਸਨ। ਪੁਰਾਣੇ ਨੇਮ ਦਾ ਪਰਮੇਸ਼ੁਰ ਉਹੀ ਪਰਮੇਸ਼ੁਰ ਹੈ, ਜੋ ਨਵੇਂ ਨੇਮ ਦਾ ਹੈ। ਨੇਮ ਬਦਲ ਗਏ ਹਨ, ਪਰ ਨੇਮ ਦਾ ਪਰਮੇਸ਼ੁਰ, ਆਪਣੇ ਲੋਕਾਂ ਨੂੰ ਬਰਕਤ ਦੇਣ ਵਾਲਾ ਉਸ ਦਾ ਦਿਲ ਅਤੇ ਉਸ ਦੀ ਯੋਗਤਾ ਨਹੀਂ ਬਦਲੀ ਹੈ! ਇਸ ਲਈ ਬਿਨ੍ਹਾਂ ਕਿਸੇ ਸ਼ੱਕ ਦੇ, ਅਸੀਂ ਉਮੀਦ ਕਰ ਸਕਦੇ ਹਾਂ ਕਿ ਪਰਮੇਸ਼ੁਰ ਸਾਡੇ ਹੱਥਾਂ ਦੇ ਸਾਰੇ ਕੰਮਾਂ ਨੂੰ ਬਰਕਤ ਦੇਵੇਗਾ। ਉਮੀਦ ਕਰੋ ਕਿ ਪਰਮੇਸ਼ੁਰ ਤੁਹਾਨੂੰ ਤੁਹਾਡੇ ਕੰਮ ਵਿੱਚ ਬਰਕਤ ਦੇਵੇ। ਹਰ ਰੋਜ਼ ਜਦੋਂ ਤੁਸੀਂ ਆਪਣੇ ਕੰਮ ਵਾਲੀ ਥਾਂ 'ਤੇ ਜਾਂਦੇ ਹੋ, ਤਾਂ ਪ੍ਰਭੂ ਦੀਆਂ

ਅਸੀਸਾਂ ਤੁਹਾਡੇ ਉੱਤੇ ਹੋਣ ਦੀ ਉਮੀਦ ਕਰੋ!

## ਤਰੱਕੀ ਪ੍ਰਭੂ ਤੋਂ ਆਉਂਦੀ ਹੈ

**ਬਿਵਸਥਾ ਸਾਰ 28:13**
**ਯਹੋਵਾਹ ਤੁਹਾਨੂੰ ਸਿਰ ਠਹਿਰਾਵੇਗਾ ਪਰ ਪੂਛ ਨਹੀਂ ਅਤੇ ਤੁਸੀਂ ਉੱਤੇ ਹੀ ਰਹੋਗੇ ਪਰ ਹੇਠਾਂ ਨਹੀਂ ਜੇ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਹੁਕਮਾਂ ਨੂੰ ਸੁਣੋ ਜਿਹੜੇ ਅੱਜ ਮੈਂ ਤੁਹਾਨੂੰ ਪਾਲਨਾ ਕਰਨ ਲਈ ਦਿੰਦਾ ਹਾਂ।**

**ਜ਼ਬੂਰ 75:6,7**
**6 ਉੱਚ ਹੋਣਾ ਨਾ ਤਾਂ ਚੜ੍ਹਦਿਓ ਨਾ ਲਹਿੰਦਿਓ ਅਤੇ ਨਾ ਉਜਾੜੋਂ ਆਉਂਦਾ ਹੈ।**
**7 ਪਰ ਪਰਮੇਸ਼ੁਰ ਹੀ ਨਿਆਈ ਹੈ, ਉਹ ਇੱਕ ਨੂੰ ਨੀਵਾਂ ਅਤੇ ਦੂਜੇ ਨੂੰ ਉੱਚਾ ਕਰ ਦਿੰਦਾ ਹੈ।**

ਪਰਮੇਸ਼ੁਰ ਤੁਹਾਡੇ ਵੱਲ ਹੈ। ਇਹ ਪਰਮੇਸ਼ੁਰ ਹੈ ਜੋ ਤੁਹਾਡੇ ਵਿਕਾਸ ਲਈ ਜਗ੍ਹਾ ਤਿਆਰ ਕਰਦਾ ਹੈ। ਪਰਮੇਸ਼ੁਰ ਕੰਮ ਨਾਲੋਂ ਜ਼ਿਆਦਾ ਸਖ਼ਤ ਮਿਹਨਤ ਨੂੰ ਵੇਖਦਾ ਹੈ ਅਤੇ ਉਹ ਤੁਹਾਡੀ ਤਰੱਕੀ ਲਈ ਜਗ੍ਹਾ ਬਣਾਏਗਾ। ਤੁਹਾਨੂੰ "ਕਿਸੇ ਨੂੰ ਧੱਕਾ ਦੇ ਕੇ ਅੱਗੇ ਵੱਧਣ," "ਆਪਣੇ ਸਾਥੀਆਂ ਨੂੰ ਨੀਵਾਂ ਕਰਨ ਦੀ" ਜਾਂ ਆਪਣੇ ਮਾਲਕਾਂ ਨੂੰ "ਰਿਸ਼ਵਤ" ਦੇਣ ਦੀ ਲੋੜ ਨਹੀਂ ਹੈ। ਲਗਨ ਨਾਲ ਕੰਮ ਕਰੋ, ਆਪਣਾ ਵੱਧ ਤੋਂ ਵੱਧ ਅਤੇ ਉੱਤਮ ਦਾਨ ਦਿਓ ਅਤੇ ਪਰਮੇਸ਼ੁਰ ਤੁਹਾਡੀ ਤਰੱਕੀ ਕਰਨ ਵਿੱਚ ਮਦਦ ਕਰੇਗਾ। ਮੈਨੂੰ ਯਾਦ ਹੈ ਜਦੋਂ ਮੈਂ ਸ਼ਿਕਾਗੋ ਵਿੱਚ ਇੱਕ ਸਾਫਟਵੇਅਰ ਕੰਪਨੀ ਲਈ ਕੰਮ ਕਰਦਾ ਸੀ, ਤਾਂ ਮੈਂ ਬਹੁਤ ਨਿਰਾਸ਼ ਸੀ। ਮੈਂ ਪ੍ਰਾਰਥਨਾ ਕਰਦਾ ਸੀ, "ਪਰਮੇਸ਼ੁਰ, ਮੈਨੂੰ ਤਰੱਕੀ ਦੇਹ ਕਿਉਂਕਿ ਮੈਨੂੰ ਨਹੀਂ ਲੱਗਦਾ ਸੀ ਕਿ ਮੈਂ ਆਪਣੀ ਪੂਰੀ ਸਮਰੱਥਾ ਅਨੁਸਾਰ ਕੰਮ ਕਰ ਰਿਹਾ ਹਾਂ।" ਮੈਨੂੰ ਵਿਸ਼ਵਾਸ ਹੈ ਕਿ ਮੈਂ ਵਧੇਰੇ ਜ਼ਿੰਮੇਵਾਰੀ ਲੈ ਸਕਦਾ ਹਾਂ ਅਤੇ ਲੋਕਾਂ ਦੀ ਇੱਕ ਟੀਮ ਦੀ ਅਗਵਾਈ ਕਰ ਸਕਦਾ ਹਾਂ। ਪਰਮੇਸ਼ੁਰ ਦੇ ਵਚਨ ਦੇ ਅਨੁਸਾਰ, ਮੈਂ ਵਿਸ਼ਵਾਸ ਕਰਦਾ ਸੀ ਕਿ ਤਰੱਕੀ ਪ੍ਰਭੂ ਤੋਂ ਆਉਂਦੀ ਹੈ। ਛੇਤੀ ਹੀ ਮੇਰੇ ਹਾਲਾਤ ਬਦਲਣੇ ਸ਼ੁਰੂ ਹੋ ਗਏ ਅਤੇ ਮੇਰੇ ਮੈਨੇਜਰ ਨੇ ਮੈਨੂੰ ਲੋਕਾਂ ਦੀ ਇੱਕ ਟੀਮ ਦਾ ਆਗੂ ਬਣਾ ਦਿੱਤਾ। ਤਰੱਕੀ ਪਰਮੇਸ਼ੁਰ ਵੱਲੋਂ ਆਈ ਸੀ!

## ਆਪਣੇ ਹੱਥਾਂ ਦੀ ਮਿਹਨਤ ਦਾ ਫਲ

**ਉਪਦੇਸ਼ਕ ਦੀ ਪੋਥੀ 3:13**
**ਇਹ ਵੀ ਜੋ ਹਰੇਕ ਆਦਮੀ ਖਾਵੇ ਪੀਵੇ ਅਤੇ ਆਪੋ ਆਪਣੇ ਧੰਦੇ ਦਾ ਲਾਭ ਭੋਗੇ, ਤਾਂ ਇਹ ਵੀ ਪਰਮੇਸ਼ੁਰ ਦੀ ਦਾਤ ਹੈ।**

**ਜ਼ਬੂਰ 128:1,2**
**1 ਧੰਨ ਹੈ ਹਰੇਕ ਜੋ ਯਹੋਵਾਹ ਦਾ ਭੈਅ ਮੰਨਦਾ ਹੈ ਅਤੇ ਉਸ ਦਿਆਂ ਰਾਹਾਂ ਉੱਤੇ ਚੱਲਦਾ ਹੈ!**
**2 ਤੂੰ ਆਪਣੇ ਹੱਥਾਂ ਦੀ ਕਮਾਈ ਜਰੂਰ ਖਾਏਂਗਾ, ਤੂੰ ਧੰਨ ਹੋਵੇਂਗਾ ਅਤੇ ਤੇਰਾ ਭਲਾ ਹੋਵੇਗਾ।**

**ਉਪਦੇਸ਼ਕ ਦੀ ਪੋਥੀ 5:18,19**
**18 ਵੇਖੋ, ਮੈਂ ਇਹ ਡਿੱਠਾ ਹੈ ਕਿ ਚੰਗਾ ਅਰ ਯੋਗ ਹੈ ਭਈ ਕੋਈ ਖਾਵੇ ਪੀਵੇ ਅਤੇ ਆਪਣੇ ਸਾਰੇ ਧੰਦੇ ਜੋ ਸੂਰਜ ਦੇ ਹੇਠ ਉਹ ਪਰਮੇਸ਼ੁਰ ਦੇ ਦਿੱਤੇ ਹੋਏ ਜੀਉਣ ਦੇ ਥੋੜ੍ਹੇ ਦਿਨਾਂ ਵਿੱਚ ਕਰਦਾ ਹੈ ਫਲ ਭੋਗੇ, ਇਹੋ ਉਹ ਦਾ ਭਾਗ ਹੈ।**
**19 ਹਰ ਆਦਮੀ ਲਈ ਜਿਹ ਨੂੰ ਪਰਮੇਸ਼ੁਰ ਨੇ ਧਨ ਪਦਾਰਥ ਦਿੱਤਾ ਹੈ ਨਾਲੇ ਸਮਰੱਥਾ ਜੋ ਉਹ ਉਨ੍ਹਾਂ ਤੋਂ ਮੌਜ ਕਰੇ ਅਤੇ ਆਪਣਾ ਭਾਗ ਭੋਗੇ ਅਤੇ ਆਪਣੇ ਧੰਦੇ ਤੋਂ ਅਨੰਦ ਹੋਵੇ, ਇਹ ਵੀ ਪਰਮੇਸ਼ੁਰ ਦੀ ਦਾਤ ਹੈ।**

ਆਪਣੀ ਮਿਹਨਤ ਦਾ ਅਨੰਦ ਮਾਣਨ ਦੀ ਯੋਗਤਾ—ਆਪਣੇ ਕੰਮ ਦੇ ਫਲ ਦਾ ਅਨੰਦ ਮਾਣਨ ਦੀ ਯੋਗਤਾ—ਪਰਮੇਸ਼ੁਰ ਵੱਲੋਂ ਅਸੀਸ ਅਤੇ ਵਰਦਾਨ ਹੈ। ਪਰਮੇਸ਼ੁਰ ‘ਤੇ ਭਰੋਸਾ ਰੱਖੋ ਕਿ ਤੁਸੀਂ ਆਪਣੀ ਮਿਹਨਤ ਦੇ ਫਲ ਦਾ ਸੱਚਮੁੱਚ ਅਨੰਦ ਮਾਣੋਗੇ। ਮਿਹਨਤ ਕਰਨ ਵਾਲੇ ਬਹੁਤ ਸਾਰੇ ਹਨ। ਪਰ ਜੋ ਕੁਝ ਵੀ ਉਨ੍ਹਾਂ ਨੇ ਆਪਣੀ ਮਿਹਨਤ ਨਾਲ ਪ੍ਰਾਪਤ ਕੀਤਾ ਹੈ, ਉਹ ਹਵਾ ਵਿੱਚ ਉਡ ਜਾਦਾ ਹੈ। ਅਜਿਹਾ ਲੱਗਦਾ ਹੈ ਕਿ ਉਨ੍ਹਾਂ ਦੀ ਆਮਦਨ ਜਾਂ ਤਨਖ਼ਾਹ ਨੂੰ ਛੇਕ ਵਾਲੀ ਥੈਲੀ ਵਿੱਚ ਪਾਇਆ ਜਾ ਰਿਹਾ ਹੈ। ਦੂਸਰਿਆਂ ਲੋਕਾਂ ਕੋਲ ਬਹੁਤ ਸਾਰਾ ਪੈਸਾ ਹੈ, ਪਰ ਖੁਸ਼ੀ ਅਤੇ ਸ਼ਾਂਤੀ ਨਹੀਂ ਹੈ। ਬਹੁਤ ਸਾਰਾ ਪੈਸਾ ਹੋਣ ਦੇ ਬਾਵਜੂਦ ਅਸੰਤੋਸ਼, ਲੜਾਈ ਝਗੜੇ ਹੁੰਦੇ ਹਨ। ਇਹ ਆਪਣੇ ਨਾਲ ਨਾ ਹੋਣ ਦਿਓ। ਪਰਮੇਸ਼ੁਰ ‘ਤੇ ਭਰੋਸਾ ਰੱਖੋ ਕਿ ਤੁਸੀਂ ਆਪਣੀ ਮਿਹਨਤ ਦਾ ਫਲ ਖਾ ਸਕੋ ਅਤੇ ਉਸ ਦਾ ਅਨੰਦ ਮਾਣ ਸਕੋ!

# 7
# ਨਵੀਂ ਦੁਨੀਆਂ ਵਿੱਚ ਕੰਮ ਕਰੋ

ਯਸਾਯਾਹ 65:17-25

17 ਵੇਖੋ, ਤਾਂ, ਮੈਂ ਨਵਾਂ ਅਕਾਸ਼ ਅਤੇ ਨਵੀਂ ਧਰਤੀ ਉਤਪੰਨ ਕਰਦਾ ਹਾਂ ਅਤੇ ਪਹਿਲੀਆਂ ਚੀਜ਼ਾਂ ਚੇਤੇ
ਨਾ ਆਉਣਗੀਆਂ, ਨਾ ਮਨ ਉੱਤੇ ਹੀ ਚੜ੍ਹਨਗੀਆਂ।
18 ਪਰ ਜੋ ਕੁਝ ਮੈਂ ਉਤਪੰਨ ਕਰਦਾ ਹਾਂ, ਉਸ ਤੋਂ ਤੁਸੀਂ ਜੁੱਗੋ-ਜੁੱਗ ਖੁਸ਼ੀ ਮਨਾਓ ਅਤੇ ਬਾਗ ਬਾਗ
ਹੋਵੋ, ਵੇਖੋ, ਤਾਂ ਯਰੂਸ਼ਲਮ ਲਈ ਅਨੰਦਤਾ ਅਤੇ ਉਸ ਦੀ ਪਰਜਾ ਲਈ ਖੁਸ਼ੀ ਉਤਪੰਨ ਕਰਦਾ ਹਾਂ।
19 ਮੈਂ ਯਰੂਸ਼ਲਮ ਤੋਂ ਅਨੰਦ ਹੋਵਾਂਗਾ ਅਤੇ ਆਪਣੀ ਪਰਜਾ ਤੋਂ ਖੁਸ਼ ਹੋਵਾਂਗਾ, ਫੇਰ ਉਸ ਵਿੱਚ ਨਾ
ਰੋਣ ਦੀ ਅਵਾਜ਼, ਨਾ ਦੁਹਾਈ ਦੀ ਅਵਾਜ਼ ਸੁਣਾਈ ਦੇਵੇਗੀ।
20 ਉੱਥੋਂ ਫੇਰ ਕੋਈ ਥੋੜ੍ਹੇ ਦਿਨਾਂ ਦਾ ਬੱਚਾ ਨਾ ਹੋਵੇਗਾ, ਨਾ ਕੋਈ ਬੁੱਢਾ ਜਿਹ ਨੇ ਆਪਣੇ ਦਿਨ ਪੂਰੇ
ਨਾ ਕੀਤੇ ਹੋਣ, ਕਿਉਂ ਜੋ ਬੱਚਾ ਸੌ ਵਰਹੇ ਦੀ ਉਮਰ ਵਿੱਚ ਮਰੇਗਾ ਅਤੇ ਸੌ ਵਰਹੇ ਦਾ ਪਾਪੀ ਸਰਾਪੀ
ਹੋਵੇਗਾ।
21 ਓਹ ਘਰ ਬਣਾਉਣਗੇ ਅਤੇ ਉਨ੍ਹਾਂ ਵਿੱਚ ਵੱਸਣਗੇ, ਓਹ ਅੰਗੂਰੀ ਬਾਗ਼ ਲਾਉਣਗੇ ਅਤੇ ਉਨ੍ਹਾਂ ਦਾ
ਫਲ ਖਾਣਗੇ।
22 ਓਹ ਨਾ ਬਣਾਉਣਗੇ ਭਈ ਦੂਜਾ ਵੱਸੇ, ਓਹ ਨਾ ਲਾਉਣਗੇ ਭਈ ਦੂਜਾ ਖਾਵੇ, ਮੇਰੀ ਪਰਜਾ
ਦੇ ਦਿਨ ਤਾਂ ਰੁੱਖ ਦੇ ਦਿਨਾਂ ਵਰਗੇ ਹੋਣਗੇ ਅਤੇ ਮੇਰੇ ਚੁਣੇ ਹੋਏ ਆਪਣੇ ਹੱਥਾਂ ਦਾ ਕੰਮ ਢੇਰ ਚਿਰ
ਭੋਗਣਗੇ।
23 ਓਹ ਵਿਅਰਥ ਮਿਹਨਤ ਨਾ ਕਰਨਗੇ, ਨਾ ਕਲੇਸ਼ ਲਈ ਜਮਾਉਣਗੇ, ਓਹ ਯਹੋਵਾਹ ਦੀ
ਮੁਬਾਰਕ ਅੰਸ ਜੋ ਹੋਣਗੇ, ਨਾਲੇ ਓਹਨਾਂ ਦੀ ਸੰਤਾਨ ਓਹਨਾਂ ਸਣੇ।
24 ਐਉਂ ਹੋਵੇਗਾ ਕਿ ਓਹਨਾਂ ਦੇ ਪੁਕਾਰਨ ਤੋਂ ਪਹਿਲਾਂ ਮੈਂ ਉੱਤਰ ਦਿਆਂਗਾ ਅਤੇ ਉਹ ਅਜੇ ਗੱਲਾਂ ਹੀ
ਕਰਦੇ ਹੋਣਗੇ, ਕਿ ਮੈਂ ਸੁਣ ਲਵਾਂਗਾ।
25 ਬਘਿਆੜ ਅਤੇ ਲੇਲਾ ਇਕੱਠੇ ਚਰਨਗੇ ਅਤੇ ਬੱਬਰ ਸ਼ੇਰ ਬਲਦ ਵਾਂਙੁ ਭੋਹ ਖਾਵੇਗਾ, ਸ਼ੱਪ ਦੀ
ਰੋਟੀ ਖ਼ਾਕ ਹੋਵੇਗੀ, ਓਹ ਮੇਰੇ ਸਾਰੇ ਪਵਿੱਤ੍ਰ ਪਰਬਤ ਉੱਤੇ, ਨਾ ਸੱਟ ਲਾਉਣਗੇ ਨਾ ਨਾਸ਼ ਕਰਨਗੇ,
ਯਹੋਵਾਹ ਫ਼ਰਮਾਉਂਦਾ ਹੈ।

ਦਾਨੀਏਲ 7:13,14,18,22,27

13 ਮੈਂ ਰਾਤ ਦੀਆਂ ਦ੍ਰਿਸ਼ਟੀਆਂ ਵਿੱਚ ਡਿੱਠਾ ਅਤੇ ਵੇਖੋ, ਇੱਕ ਜਣਾ ਮਨੁੱਖ ਦੇ ਪੁੱਤ੍ਰ ਵਰਗਾ ਅਕਾਸ਼
ਦੇ ਬਦਲਾਂ ਸਣੇ ਆਇਆ ਅਤੇ ਅੱਤ ਪ੍ਰਾਚੀਨ ਤੀਕ ਅੱਪੜਿਆ ਅਤੇ ਓਹ ਉਹ ਨੂੰ ਉਸ ਦੇ ਅੱਗੇ
ਲਿਆਏ।
14 ਪਾਤਸ਼ਾਹੀ ਅਰ ਪਰਤਾਪ ਅਰ ਰਾਜ ਉਹ ਨੂੰ ਦਿੱਤਾ ਗਿਆ, ਭਈ ਸੱਭੇ ਕੌਮਾਂ ਅਰ ਲੋਕ ਅਰ
ਬੋਲੀਆਂ, ਉਹ ਦੀ ਟਹਿਲ ਕਰਨ। ਉਹ ਦਾ ਰਾਜ ਸਦਾ ਦਾ ਰਾਜ ਹੈ, ਜਿਹੜਾ ਮਿਟੇਗਾ ਨਾ ਅਤੇ

**ਉਹ ਦਾ ਰਾਜ ਅਜਿਹਾ ਹੈ ਜੋ ਟਲੇਗਾ ਨਾ।**
**18 ਪਰ ਅੱਤ ਮਹਾਨ ਦੇ ਸੰਤ ਰਾਜ ਲੈ ਲੈਣਗੇ ਅਤੇ ਯੁੱਗਾਂ ਤੀਕ, ਹਾਂ, ਯੁੱਗੋ ਯੁੱਗ ਤੀਕ ਉਸ ਰਾਜ ਦੇ ਮਾਲਕ ਹੋਣਗੇ।**
**22 ਜਦ ਤੀਕ ਅੱਤ ਪ੍ਰਾਚੀਨ ਨਾ ਆਇਆ ਅਤੇ ਅੱਤ ਮਹਾਨ ਦੇ ਸੰਤਾਂ ਦਾ ਨਿਆਉਂ ਨਾ ਦਿੱਤਾ ਗਿਆ ਅਤੇ ਵੇਲਾ ਨਾ ਆ ਪੁੱਜਾ ਕਿ ਸੰਤ ਰਾਜ ਵਾਲੇ ਹੋਣ।**
**27 ਅਤੇ ਸਾਰੇ ਅਕਾਸ਼ ਦੇ ਹੇਠਲੇ ਸਭਨਾਂ ਦੇਸ਼ਾਂ ਦੇ ਰਾਜਾਂ ਦਾ ਪਰਤਾਪ ਅਰ ਪਾਤਸ਼ਾਹੀ ਅਤੇ ਰਾਜ ਅੱਤ ਮਹਾਨ ਦੇ ਸੰਤਾਂ ਦੇ ਲੋਕਾਂ ਨੂੰ ਦਿੱਤੇ ਜਾਣਗੇ। ਉਹ ਦਾ ਰਾਜ ਇੱਕ ਸਦਾ ਦਾ ਰਾਜ ਹੈ ਅਤੇ ਸਾਰੀਆਂ ਪਾਤਸ਼ਾਹੀਆਂ ਉਹ ਦੀ ਉਪਾਸਨਾ ਕਰਨਗੀਆਂ ਅਤੇ ਆਗਿਆਕਾਰ ਹੋਣਗੀਆਂ।**

**ਪਰਕਾਸ਼ 2:25-27**
**25 ਤਾਂ ਵੀ ਜੋ ਕੁਝ ਤੁਹਾਡੇ ਕੋਲ ਹੈ ਮੇਰੇ ਆਉਣ ਤੀਕ ਉਸ ਨੂੰ ਤਕੜਾਈ ਨਾਲ ਫੜੀ ਰੱਖੋ।**
**26 ਜਿਹੜਾ ਜਿੱਤਣ ਵਾਲਾ ਹੈ ਅਤੇ ਜਿਹੜਾ ਅੰਤ ਤੋੜੀ ਮੇਰਿਆਂ ਕੰਮਾਂ ਦੀ ਪਾਲਨਾ ਕਰਦਾ ਹੈ ਉਹ ਨੂੰ ਮੈਂ ਕੌਮਾਂ ਉੱਤੇ ਇਖ਼ਤਿਆਰ ਦਿਆਂਗਾ।**
**27 ਅਤੇ ਉਹ ਲੋਹੇ ਦੇ ਡੰਡੇ ਨਾਲ ਓਹਨਾਂ ਉੱਤੇ ਹਕੂਮਤ ਕਰੇਗਾ ਜਿਵੇਂ ਘੁਮਿਆਰ ਦੇ ਭਾਂਡਿਆਂ ਨੂੰ ਚਿਣੀ ਚਿਣੀ ਕਰ ਦੇਈਦਾ ਹੈ ਜਿਸ ਪ੍ਰਕਾਰ ਮੈਂ ਵੀ ਆਪਣੇ ਪਿਤਾ ਕੋਲੋਂ ਪਾਇਆ ਹੈ।**

ਸਾਡੇ ਵਿੱਚੋਂ ਕਈਆਂ ਦੇ ਇਸ ਬਾਰੇ ਵੱਖੋ-ਵੱਖਰੇ ਵਿਚਾਰ ਹਨ ਕਿ ਸਵਰਗ ਅਤੇ ਸਦੀਪਕਾਲ ਕਿਹੋ ਜਿਹਾ ਹੋਵੇਗਾ। ਸਾਡੇ ਵਿੱਚੋਂ ਕੁਝ ਸੋਚਦੇ ਹਨ ਕਿ ਸਦੀਪਕਾਲ ਇੱਕ ਸਦਾ ਦੀ ਛੁੱਟੀ ਦਾ ਸਮਾਂ ਹੋਵੇਗਾ ਜਿੱਥੇ ਅਸੀਂ ਸਿਰਫ਼ ਬੱਦਲਾਂ ‘ਤੇ ਸਵਾਰ ਹੋ ਕੇ ਸੈਰ ਕਰਾਂਗੇ ਅਤੇ ਆਪਣੇ ਸਵਰਗੀ ਮਹਿਲਾਂ ਵਿੱਚ ਹੋਵਾਂਗੇ ਅਤੇ ਦੂਤਾਂ ਨਾਲ ਪਰਮੇਸ਼ੁਰ ਦੀ ਉਸਤਤ ਦੇ ਗੀਤ ਗਾਵਾਂਗੇ! ਪਰ, ਬਾਈਬਲ ਸਾਨੂੰ ਇਸ ਬਾਰੇ ਕੁਝ ਗੱਲਾਂ ਦੱਸਦੀ ਹੈ ਕਿ ਆਉਣ ਵਾਲੇ ਸੰਸਾਰ ਵਿੱਚ ਅਸੀਂ ਕਿਸ ਗੱਲ ਦੀ ਆਸ ਕਰਨੀ ਹੈ। ਯਸਾਯਾਹ ਦੀ ਪੁਸਤਕ ਵਿੱਚੋਂ ਇੱਕ ਆਇਤ ਸਾਨੂੰ ਦਿਖਾਉਂਦੀ ਹੈ ਕਿ ਨਵੇਂ ਅਕਾਸ਼ ਅਤੇ ਨਵੀਂ ਧਰਤੀ ਬਣਨ ਤੋਂ ਬਾਅਦ ਵੀ, ਲੋਕ ਅਜੇ ਵੀ ਘਰ ਬਣਾ ਰਹੇ ਹੋਣਗੇ ਅਤੇ ਅੰਗੂਰੀ ਬਾਗ਼ ਲਗਾ ਰਹੇ ਹੋਣਗੇ। ਅਸੀਂ ਸਖ਼ਤ ਮਿਹਨਤ ਕਰਾਂਗੇ ਅਤੇ ਆਪਣੇ ਹੱਥਾਂ ਨਾਲ ਕੰਮ ਕਰਨ ਦਾ ਅਨੰਦ ਮਾਣਾਂਗੇ। ਇਸ ਤਰ੍ਹਾਂ ਅਸੀਂ ਨਵੀਂ ਦੁਨੀਆਂ ਵਿੱਚ ਵੀ “ਕੰਮ” ਕਰਾਂਗੇ।

ਦਾਨੀਏਲ ਅਤੇ ਪਰਕਾਸ਼ ਦੀ ਪੋਥੀ ਵਿੱਚੋਂ ਲਏ ਗਏ ਹਵਾਲੇ ਸਾਨੂੰ ਇਹ ਦਿਖਾਉਂਦੇ ਹਨ ਕਿ ਪਰਮੇਸ਼ੁਰ ਦੇ ਲੋਕ ਧਰਤੀ ਤੇ ਮਸੀਹ ਦੇ ਰਾਜ ਅਤੇ ਹਕੂਮਤ ਨੂੰ ਸਥਾਪਤ ਕਰਨਗੇ। ਤਦ ਪਰਮੇਸ਼ੁਰ ਦੇ ਲੋਕ ਮਸੀਹ ਦੇ ਰਾਜ ਦੇ ਰਾਜ ਵਿੱਚ ਰੁੱਝੇ ਹੋਣਗੇ। ਇਸ ਲਈ, ਅਸੀਂ ਕੰਮ ਦਾ ਅਨੰਦ ਮਾਣੀਏ। ਇਹ ਪਰਮੇਸ਼ੁਰ

ਦੁਆਰਾ ਨਿਯੁਕਤ ਅਤੇ ਠਹਿਰਾਇਆ ਹੋਇਆ ਕੰਮ ਹੈ। ਤੁਹਾਡਾ ਕੰਮ ਆਪਣੇ ਕੰਮ ਨੂੰ ਧਰਤੀ ਉੱਤੇ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਪੂਰਾ ਕਰਨ ਦਾ ਸਾਧਨ ਬਣਨ ਦਿਓ।

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ 'ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਵੀ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***"ਪਾਪ ਦੀ ਮਜ਼ੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ"*** (ਰੋਮੀਆਂ 6:23)। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ

ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਵੀ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਵੀ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

*"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"* (ਰਸੂਲਾਂ ਦੇ ਕਰਤੱਬ 10:43)।

*"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"* (ਰੋਮੀਆਂ 10:9)।

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਕਬੂਲ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।*

*ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।*

*ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।*

*ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ।*

*ਆਮੀਨ।*

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ 'ਤੇ ਕੇਂਦਰਿਤ,** ਆਤਮਾ ਨਾਲ ਭਰਪੂਰ, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ 'ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ 'ਤੇ, ਅਸੀਂ ਮਸੀਹ 'ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ 'ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ 'ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖ਼ੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ 'ਤੇ, ਅਸੀਂ ਸਥਾਨਕ ਅਤੇ ਵਿਸ਼ਵ–ਪੱਧਰ 'ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ 'ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ 'ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ apcwo.org/locations ਜਾਂ ਸਾਨੂੰ contact@apcwo.org 'ਤੇ ਈ–ਮੇਲ ਭੇਜੋ।

# ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages
Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses—Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Praying in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work—Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ **apcwo.org/books** ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ **apcwo.org/sermons** ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ 'ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

- ਕਿਸ਼ੋਰਾਂ ਲਈ
- ਵਿਅਕਤੀਗਤ ਤਬਦੀਲੀਆਂ
- ਰਿਸ਼ਤਿਆਂ ਦੀਆਂ ਚੁਣੌਤੀਆਂ
- ਵਿੱਦਿਅਕ ਘੱਟ ਪ੍ਰਾਪਤੀਆਂ
- ਕੰਮਕਾਜੀ ਮੁੱਦੇ
- ਪਰਿਵਾਰ / ਪਤੀ–ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ
- ਮਾਪੇ / ਬੱਚੇ / ਭੈਣ–ਭਰਾ / ਹਾਣੀ
- ਵਿਹਾਰ ਵਿੱਚ ਗੜਬੜੀਆਂ
- ਸ਼ਖਸੀਅਤ ਸੰਬੰਧੀ ਗੜਬੜੀਆਂ
- ਮਨੋਵਿਗਿਆਨਿਕ / ਭਾਵਨਾਤਮਕ ਸਮੱਸਿਆਵਾਂ
- ਤਨਾਅ / ਸਦਮਾ
- ਸ਼ਰਾਬਖੋਰੀ / ਨਸ਼ਾਖੋਰੀ
- ਆਤਮਿਕ ਮੁੱਦੇ
- ਜੀਵਨ ਸਿਖਲਾਈ

ਕ੍ਰਿਸਲਿਸ ਕਾਊਂਸਲਿੰਗ ਦੀਆਂ ਸੇਵਾਵਾਂ ਪਹੁੰਚ ਯੋਗ ਅਤੇ ਕਿਫ਼ਾਇਤੀ ਹਨ।

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ:** chrysalislife.org
**ਫੋਨ:** +91–80–25452617 ਜਾਂ (ਭਾਰਤ ਵਿੱਚ) ਟੋਲ–ਫ੍ਰੀ 1–800–300–00998
**ਈ–ਮੇਲ:** counselor@chrysalislife.org

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ "ਆਲ ਪੀਪਲਜ਼ ਚਰਚ" ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All Peoples Church
**Account Number:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bangalore, Karnataka-560043, India

***ਕਿਰਪਾ ਕਰਕੇ ਧਿਆਨ ਦਿਓ:*** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਕਬੂਲ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *'ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ।

**ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**


## DOWNLOAD THE FREE APP!

*Search for*

"All Peoples Church Bangalore"
in the App or Google play stores.

Available on the App Store

ANDROID APP ON Google play




*A daily 5-minute video devotional.*
*A daily Bible reading and prayer guide.*
*5-minute Sermon summary.*
*Toolkit with Scriptures on various topics to build faith and information to share the Gospel.*
*Resources with sermons, sermon notes, TV programs, books, music and more.*

*IF YOU LOVE IT, TELL OTHERS ABOUT IT!*

# ਆਲ ਪੀਪਲਜ਼ ਚਰਚ ਬਾਈਬਲ ਕਾਲਜ

**apcbiblecollege.org**

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC–BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।


**ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:**

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 12:00 ਵਜੇ ਤੱਕ** (UTC+5:30) ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ apcbiblecollege.org/elearn 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ apcbiblecollege.org ਵੇਖੋ।



ਅਸੀਂ ਸਾਰੇ ਮੰਨਦੇ ਹਨ ਕਿ ਵਿਆਹ ਪਰਮੇਸ਼ੁਰ ਦੀ ਯੋਜਨਾ ਹੈ,

ਇਸ ਲਈ, ਅਸੀਂ ਵਿਆਹੁਤਾ ਜੀਵਨ ਦਾ ਅਨੰਦ ਮਾਣਦੇ ਹਾਂ।

ਅਸੀਂ ਜਾਣਦੇ ਹਾਂ ਕਿ ਕਲੀਸੀਆ ਪਰਮੇਸ਼ੁਰ ਦੀ ਯੋਜਨਾ ਹੈ,

ਇਸ ਲਈ, ਅਸੀਂ ਕਲੀਸੀਆ ਦਾ ਅਨੰਦ ਮਾਣਨਾ ਹੈ।

ਖੁਸ਼ਖ਼ਬਰੀ ਇਹ ਹੈ ਕਿ ਕੰਮ ਵੀ ਪਰਮੇਸ਼ੁਰ ਦੀ ਯੋਜਨਾ ਹੈ।

ਪਰਮੇਸ਼ੁਰ ਨੇ ਇਸ ਦੀ ਸਥਾਪਨਾ ਕੀਤੀ ਸੀ। ਇਸ ਲਈ, ਕੰਮ ਦਾ ਅਨੰਦ ਮਾਣੋ!

All Peoples Church & World Outreach
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org